SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੩੦ ਮੱਘਰ ੨੦੭੫
1 To 15 Dec. 2018

ਜਿਲਦ 26
ਨੰਬਰ 27
Total Pages 48


## ਨਮੋ ਰਾਗ ਰੂਪੇ॥



ਛੁਹ ਪੋਟਿਆਂ ਦੀ ਪਾ ਕੇ, ਤਾਰਾਂ ’ਚੋਂ ਰਾਗ ਝਰਨਾ।
ਪੌਣਾਂ ਨੇ ਮਹਿਕ ਉਠਣਾ, ਜਦ ਤਾਊਸ਼ ਹੱਥੀਂ ਫੜਨਾ।

# ਸਾਧ ਸੰਗਤਿ ਮਿਲਿ ਗਾਵਦੇ....





ਗੁਰੂ ਕੀਰਤਨ ਦੀ ਸਾਰ,
ਗਾਉਣ ਧਰੁਪਦ, ਧਮਾਰ,
ਵੱਜਣ ਨਿੱਤ ਨਵੇਂ ਤਾਲ ਜੀ।
ਦਿਲਰੁਬਾ ਜਦ ਵਜਾਉਣ,
ਧੂਹ ਹਿਰਦਿਆਂ ਨੂੰ ਪਾਉਣ,
ਵਾਹ! ਕੈਸਾ ਹੈ ਕਮਾਲ ਜੀ।



ਲਹਿਰੇ ਸਾਜ਼ਾਂ ਦੀ ਛੁਣਕਾਰ,
ਕਈ ਸਾਜ਼ ਤਾਰਦਾਰ,
ਅਤਿ ਮਿੱਠਾ ਸੁਰ ਤਾਲ ਜੀ।
ਗੁਰੂ ਜਗਜੀਤ ਦਾ,
ਸੰਗੀਤ ਹੈ ਕਮਾਲ ਜੀ।



# ਸਤਿਜੁਗ

੧੬ ਤੋਂ ੩੦ ਮੱਘਰ ੨੦੭੫ ਬ੍ਰਿ.
1 ਤੋਂ 15 ਦਸੰਬਰ 2018 ਈ:
ਜਿਲਦ 26, ਵੀਰਵਾਰ ਨੰਬਰ 27

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by***
***Mr. Harvendra Singh Hanspal***
***on behalf of Namdhari Darbar.***
***Printed at Summit advertising press,***
***2DLF (Part), Moti Nagar, New Delhi***
***and Published from Namdhari Gurdwara,***
***Ramesh Nagar, New Delhi-110015.***

**Date of Publication: 28-11-2018,**
**Date of Posting: 29-30 Nov. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਸੰਪਾਦਕੀ-- ਨਮੋ ਰਾਗ ਰੂਪੇ
ਸੇਵਕ ਹਰਪਾਲ ਸਿੰਘ....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................6

* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.......................6

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ .........................7

* ਇਹ ਨੇ ਸਾਜ਼, ਸਾਜ਼ਨਿਵਾਜ਼ ਤੂੰ
ਸੁਰਜੀਤ ਪਾਤਰ .......................................8

* ਸੰਗੀਤ ਸਰੂਪ ....
ਅਜੀਤ ਸਿੰਘ 'ਲਾਇਲ' ..........................10

* ਸਾਡੇ ਸਿੱਖ ਸਮਾਜ ਨੂੰ ਸਾਡੇ ਸਤਿਗੁਰਾਂ ਵੱਲੋਂ......
ਉਸਤਾਦ ਹਰਭਜਨ ਸਿੰਘ .......................14

* ਸਰਬਪੱਖੀ ਮਾਰਗ-ਦਰਸ਼ਕ...........
ਹਰਪਾਲ ਸਿੰਘ ਸੇਵਕ ...............................16

* ਸਤਿਗੁਰੂ ਜੀ ਦੀ ਬਖਸ਼ਿਸ਼
ਰਜਿੰਦਰ ਕੌਰ ਪੰਨੂ .............................24

* ਸਤਿਗੁਰ ਕੀਨੋ ਪਰਉਪਕਾਰ
ਸੂਬਾ ਬਲਵਿੰਦਰ ਸਿੰਘ ਝੱਲ .......................25

* *Talwandi Gharana ........*
*Balbir Singh Kanwal* ..............................*27*

* *Satguru Jagjit Singh Ji Maharaj*
*Rakesh Dada* ..........................................*31*

* *A Saga Of Sri Satguru Jagjit Singh ji*
*Dr. Sharada Jayagovind*...............................*33*

* ਕਾਵਿ ਕਿਆਰੀ .................................................35

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ.......................37

* ਸੁੱਚੇ ਮੋਤੀ ......................................................39

* ਬੱਚਿਆਂ ਦਾ ਪੰਨਾ...............................................40

* ਖ਼ਬਰਨਾਮਾ........................................................42

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਨਮੋ ਰਾਗ ਰੂਪੇ

ਸਾਹਿਬ ਕਲਗੀਧਰ ਪਾਤਸ਼ਾਹ 'ਸਹੰਸ੍ਰਨਾਮਾ' ਦੀ ਤਰ੍ਹਾਂ ਜਾਪੁ ਸਾਹਿਬ ਵਿਚ ਅਨੇਕਾਂ ਨਾਵਾਂ ਨਾਲ ਅਕਾਲ ਪੁਰਖ ਦੀ ਉਸਤਤ ਕਰਦੇ ਹਨ। ਅਕਾਲ ਪੁਰਖ ਦੇ ਅਨੇਕਾਂ ਸਰੂਪਾਂ ਦੀ, ਸੂਰਜ ਵਰਗੇ ਤੇਜੱਸਵੀ ਸਰੂਪ, ਨਮੋ ਚੰਦ੍ਰ ਚੰਦ੍ਰੇ, ਸ਼ਾਂਤ ਸਰੂਪ, ਸਇਆਲ ਰੂਪ ਹੈ, ਉਹ ਸਦਾ ਅਜਿੱਤ ਹੈ, ਸਭ ਦਾ ਕਰਤਾ ਹੈ, ਸਭ ਦਾ ਹਰਤਾ ਹੈ, ਉਹ ਰਾਜਿਆ ਦਾ ਰਾਜਾ ਹੈ, ਉਹ ਰੂਪ ਅਨੂਪ ਹੈ। ਉਸਦੇ ਇਤਨੇ ਨਾਮ ਹਨ ਕਿ 'ਤਵ ਸਰਬ ਨਾਮ ਕਥੈ ਕਵਨ'।- ਕੌਣ ਗਿਣ ਸਕਦਾ ਹੈ ਅਕਾਲ ਪੁਰਖ ਦੇ ਸਾਰੇ ਨਾਵਾਂ ਨੂੰ- 'ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ'। ਸਭ ਉਸ ਪ੍ਰਭੂ ਨੂੰ ਅਨੰਤ ਹੀ ਆਖਦੇ ਹਨ ਜਿਸਦਾ ਕੋਈ ਪਾਰਾਵਾਰ ਨਹੀਂ। ਪਰ ਉਸ ਦੇ ਦੇਹਿ ਰੂਪ ਵਿਚ ਆ ਕੇ ਕੀਤੇ ਕਰਮਾਂ ਦੀ ਉਸਤਤ ਵਾਲੇ ਨਾਵਾਂ ਨਾਲ ਭਗਤ ਉਸਦੀ ਤਾਰੀਫ ਕਰਦੇ ਹਨ- 'ਕਰਮ ਨਾਮ ਬਰਨਤ ਸੁਮਤਿ'॥ ਆਦਿ ਗੁਰਬਾਣੀ ਵਿਚ ਰਾਗ ਮਾਝ ਗੁਰੂ ਅਰਜਨ ਸੱਚੇ ਪਾਤਸ਼ਾਹ ਵੀ ਫੁਰਮਾਉਂਦੇ ਹਨ- 'ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿ ਨਾਮੁ ਤੇਰਾ ਪਰਾ ਪੂਰਬਲਾ'॥ ਅਕਾਲ ਪੁਰਖ ਜਦੋਂ 'ਦੇਹ ਧਰਤ ਅਵਤਾਰਾ' ਗੁਰੂਵਾਕ ਅਨੁਸਾਰ ਸਤਿਗੁਰੂ ਰੂਪ ਵਿਚ ਕੌਤਕ ਕਰਦਾ ਹੈ, ਉਨ੍ਹਾਂ ਬਖਸ਼ਿਸ਼ਾਂ ਦੀ ਉਸਤਤ ਕਰਦੀ ਹੈ ਸਾਡੀ ਜੁਬਾਨ। 'ਸਤਿਨਾਮੁ, ਪ੍ਰਭੂ ਦਾ ਮੁੱਢ ਕਦੀਮੀਂ ਨਾਮ ਹੈ, ਨਿਰਾਕਾਰ ਰੂਪ ਦੀ ਉਸਤਤ ਹੈ'। 'ਨਿਰਗੁਨੁ ਆਪਿ, ਸਰਗੁਨੁ ਭੀ ਓਹੀ'॥- ਅਤੇ ਪਾਰਬ੍ਰਹਮ ਗੁਰ ਏਕੋ ਜਾਣ,।- ਗੁਰੂਵਾਕਾਂ ਅਨੁਸਾਰ ਨਿਰਾਕਾਰ ਅਤੇ ਸਾਕਾਰ, ਨਿਰਗੁਣ ਅਤੇ ਸਰਗੁਣ, ਅਕਾਲ ਪੁਰਖ ਅਤੇ ਸਤਿਗੁਰੂ ਇਕੋ ਰੂਪ ਹੀ ਹਨ।- '(ਸਤਿਗੁਰੂ ਦੇ ਵੀ ਅਨੇਕਾਂ ਰੂਪ ਹਨ ਕਿ ਸੰਤ ਸਰੂਪ, ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ ਜਾਂ ਸਤਿਗੁਰੂ ਹਰੀ ਸਿੰਘ ਜੀ ਵਾਂਗ ਸ਼ਾਂਤ ਸਰੂਪ ਅਤੇ ਕਦੇ ਸਿਪਾਹੀ ਜਾਂ ਬੀਰ ਰਸੀ ਰੂਪ ਸਤਿਗੁਰੂ ਹਰਿ ਗੋਬਿੰਦ ਸਾਹਿਬ, ਸਤਿਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ ਵਾਂਗ ਤੇਜੱਸਵੀ ਰੂਪ। ਛੇਵੇਂ ਪਾਤਸ਼ਾਹ ਨੂੰ ਬੰਦੀ-ਛੋੜ, ਕਹਿ ਕੇ ਉਸਤਤ ਕੀਤੀ ਜਾਂਦੀ ਹੈ। ਦਸਮ ਪਾਤਸ਼ਾਹ ਨੂੰ ਕਲਗੀਧਰ, ਚਿੱਟਿਆਂ ਬਾਜਾਂਵਾਲੇ, ਸਰਬੰਸ ਦਾਨੀ ਆਦਿ ਨਾਵਾਂ ਨਾਲ ਸਿੱਖ ਯਾਦ ਕਰਦੇ ਹਨ।)

ਜਾਪੁ ਸਾਹਿਬ ਵਿਚ ਹੀ ਅਕਾਲ ਪੁਰਖ ਦੇ ਰਾਗ ਰੂਪ ਨੂੰ ਸਾਹਿਬ ਨਮਸਕਾਰ ਕਰਦੇ ਲਿਖਦੇ ਹਨ- 'ਨਮੋ ਰਾਗ ਰੂਪੇ'। ਰਾਗ , ਪ੍ਰਮੇਸਰ ਦੀ ਰਚਨਾ ਦਾ ਮਾਧਿਅਮ ਵੀ ਹੈ। ਅਕਾਲ ਪੁਰਖ ਦੀ ਸਮੁੱਚੀ ਰਚਨਾ ਵੀ ਲੈਅ ਬੱਧ ਹੈ, ਇਕ ਰਿਦਮ ਵਿਚ ਹੈ। ਸੂਰਜ, ਚੰਦ, ਤਾਰੇ ਆਦਿ ਸਮੁੱਚੇ ਬ੍ਰਹਮੰਡ ਦਾ ਇਕ ਲੈਅ ਵਿਚ ਨਿਰੰਤਰ ਚਲਣਾ, ਨਦੀਆਂ, ਝਰਨਿਆਂ, ਦਰਿਆਵਾਂ ਦੇ ਪਾਣੀ ਦੀ ਕਲ-ਕਲ, ਬੱਦਲਾਂ ਦੀ ਗਰਜਨ, ਪੌਣਾਂ ਦੀ ਰਮਕਣ, ਪੰਛੀਆਂ ਦਾ ਗਾਉਣਾ ਸਭ ਕੁਦਰਤ ਦਾ ਅਨਹਦ ਨਾਦ ਦਾ ਅਲਾਪ ਹੀ ਤਾਂ ਹੈ। ਰਾਗ ਪ੍ਰਾਣੀ ਮਾਤ੍ਰ ਦੀ ਸਾਂਝੀ ਭਾਸ਼ਾ ਹੈ, ਪ੍ਰਭੂ-ਪ੍ਰਾਪਤੀ ਦਾ ਸਹਿਜ ਮਾਰਗ ਹੈ, ਰਾਗ-ਨਾਦ। ਗੁਰੂ ਰਾਮਦਾਸ ਪਾਤਸ਼ਾਹ ਫੁਰਮਾਉਂਦੇ ਹਨ-

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥ ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੁਝਿਆ ਜਾਇ॥

ਰਾਮ ਦਾ ਅਰਥ 'ਪ੍ਰੇਮ' ਵੀ ਹੈ। 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ਆਦਿ ਗੁਰੂ ਬਾਬਾ ਸਤਿਗੁਰੂ ਨਾਨਕ ਦੇਵ ਜੀ ਰਾਗ ਲੈ ਆਏ, ਉਦਾਸੀਆਂ ਸਮੇਂ ਮਰਦਾਨਾ ਜੀ ਦੀ ਰਬਾਬ ਹਮੇਸ਼ਾਂ ਗੁਰੂ ਨਾਨਕ ਦੇ ਅੰਗ ਸੰਗ ਰਹੀ। ਜਨਮਸਾਖੀਆਂ ਵਿਚ ਵਾਰ ਵਾਰ ਪੜ੍ਹਨ ਨੂੰ ਮਿਲਦਾ ਹੈ 'ਮਰਦਾਨਾ ਛੇੜ ਰਬਾਬ, ਬਾਣੀ ਆਈ ਹੈ। ਮਰਦਾਨੇ ਰਬਾਬ ਵਜਾਇਆ, ਬਾਬੇ ਸ਼ਬਦ ਉਠਾਇਆ'।

ਪਹਿਲੋਂ ਰਾਗ ਆਇਆ, ਫੇਰ ਇਲਾਹੀ ਬਾਣੀ ਦਾ ਆਗਮਨ ਹੋਇਆ। ਸਿੱਖ ਧਰਮ ਦਾ ਜਨਮ ਨਾਮ 'ਚੋਂ ਅਤੇ ਰਾਗ ਚੋਂ ਹੋਇਆ।

ਸਾਰੇ ਸਤਿਗੁਰੂ ਸਾਹਿਬਾਨ ਨੇ 'ਨਾਨਕ, ਨਾਮ ਹੇਠ ਰਾਗਾਂ ਵਿਚ ਬਾਣੀ ਉਚਾਰੀ ਅਤੇ ਪੰਚਮ ਪਾਤਸ਼ਾਹ ਨੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰਬਾਣੀ ਦੀ ਤਰਤੀਬ ਰਾਗ ਬੱਧ ਕੀਤੀ। 'ਬਾਣੀਆਂ ਸਿਰਿ ਬਾਣੀ, ਰੱਬੀ ਬਾਣੀ, ਗੁਰੂ ਗ੍ਰੰਥ, ਗੁਰੂਆਂ ਦਾ ਗ੍ਰੰਥ ਵਿਸ਼ਵ ਭਰ ਦੇ ਧਰਮਾਂ ਵਿਚ ਇਕੋ ਇਕ ਗ੍ਰੰਥ ਹੈ, ਗੁਰੂ ਗ੍ਰੰਥ ਸਾਹਿਬ ਜੋ ਸਾਹਿਤ ਅਤੇ ਸੰਗੀਤ ਦਾ ਸੁਮੇਲ ਹੈ, ਜਿਸ ਵਿਚ ਸੂਤਰਧਾਰ ਸੰਗੀਤ ਹੈ। ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਵੀ 18 ਰਾਗਾਂ ਵਿਚ ਗੁਰਬਾਣੀ ਦੀ ਰਚਨਾ ਕੀਤੀ। ਰਾਗਾਂ ਵਿਚ ਗੁਰਬਾਣੀ ਦਾ ਗਾਇਨ, ਪ੍ਰਭੂ ਦੀ ਸਿਫਤਿ-ਸਾਲਾਹ, ਨੂੰ ਕੀਰਤਨ ਦਾ ਨਾਮ ਦਿੱਤਾ ਜੋ ਸਿੱਖੀ ਪਰੰਪਰਾ ਦੇ ਨਿਤ-ਕ੍ਰਮ ਦਾ ਭਾਗ ਹੈ। ਸਾਰੇ ਹੀ ਸਤਿਗੁਰੂ ਸਾਹਿਬਾਨ ਵੇਲੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਵੇਲੇ ਦਾ ਕੀਰਤਨ ਨਿਰਵਿਘਨ ਜਾਰੀ ਰਿਹਾ। ਸਾਹਿਬ ਦਸਮ ਪਾਤਸ਼ਾਹ ਜੰਗਾਂ-ਯੁੱਧਾਂ ਵਿਚ ਵੀ ਰੋਜਾਨਾ ਕੀਰਤਨ ਕਰਦੇ ਰਹੇ।


ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਪੰਥ ਦੀ ਪੁਨਰ ਸੁਰਜੀਤੀ ਵੇਲੇ ਸਭ ਤੋਂ ਪਹਿਲਾਂ ਭਾਈ ਦਿੱਤੂ, ਜੋ ਬਾਅਦ ਵਿਚ ਗੁਰਦਿੱਤ ਸਿੰਘ ਨਾਮ ਨਾਲ ਪ੍ਰਸਿੱਧ ਹੋਏ, ਨੂੰ ਨਾਲ ਲਿਆ। ਫੇਰ ਰਾਗੀ ਜੋੜੀਆਂ ਨੂੰ ਵੱਖ-ਵੱਖ ਇਲਾਕਿਆ ਲਈ ਹੁਕਮਨਾਮੇ ਬਖਸ਼ੇ। ਸਤਿਗੁਰੂ ਹਰੀ ਸਿੰਘ ਜੀ ਵੇਲੇ ਪੰਥਕ ਪ੍ਰਚਾਰ ਲਈ 22 ਜੋੜੀਆਂ ਰਬਾਬੀਆਂ ਦੀਆਂ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀਂਹਵੀ ਸਦੀ ਦੇ ਪਹਿਲੇ ਮੱਧ ਵਿਚ ਸ੍ਰੀ ਅੰਮ੍ਰਿਤਸਰ ਤੋਂ ਰਬਾਬੀਆਂ ਪਾਸੋਂ ਸਤਿਗੁਰੂ ਰਾਮਦਾਸ ਜੀ ਵੇਲੇ ਤੋਂ ਪ੍ਰਚਲਤ ਕੀਰਤਨ ਦੀਆਂ ਪੁਰਾਤਨ ਰਬਾਬੀ ਰੀਤਾਂ ਆਪ ਸਿੱਖੀਆਂ ਅਤੇ ਆਪਣੇ ਸਾਹਿਬਜ਼ਾਦਿਆਂ ਨੂੰ ਤੇ ਹੋਰ ਸਿਖਿਆਰਥੀਆਂ ਨੂੰ ਸਿਖਵਾਈਆ ਜੋ ਸਤਿਗੁਰੂ ਜਗਜੀਤ ਸਿੰਘ ਜੀ ਰਾਹੀਂ ਨਾਮਧਾਰੀ ਸਮਾਜ ਵਿਚ ਸੁਰੱਖਿਅਤ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਹਰ ਸਿੱਖ ਦੇ ਬੱਚੇ ਚੋਂ ਰਾਗ ਦੀ ਕੁਝ ਨਾ ਕੁਝ ਖੁਸ਼ਬੂ ਜਰੂਰ ਆਉਣੀ ਚਾਹੀਦੀ ਹੈ। ਪਿਤਾ ਸਤਿਗੁਰੂ ਦੇ ਹੁਕਮ ਨੂੰ ਮੂਰਤੀਮਾਨ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਕੀਰਤਨ ਦੇ ਪ੍ਰਚਾਰ-ਪ੍ਰਸਾਰ ਲਈ ਵੱਡੇ ਮੀਲ ਪੱਥਰ ਗੱਡੇ। ਸੰਗੀਤ ਸਿਖਿਆ ਦਾ ਉਚੇਚਾ ਪ੍ਰਬੰਧ ਕੀਤਾ। ਸ਼ਾਸਤਰੀ ਸੰਗੀਤ ਦੇ ਵੱਡੇ ਉਸਤਾਦਾਂ ਪਾਸ ਆਪਣੇ ਸਿਖਿਆਰਥੀ ਭੇਜ ਕੇ ਉਨ੍ਹਾਂ ਦੀ ਕਲਾ ਨੂੰ ਆਪਣੇ ਕੀਰਤਨ ਵਿਚ ਸ਼ਾਮਲ ਕੀਤਾ। ਆਪਜੀ ਦਾ ਆਪਣੇ ਸਾਜ ਦਿਲਰੁਬਾ ਅਤੇ ਤਾਊਸ਼ ਹੈ। ਆਪ ਜੀ ਪੋਟਿਆਂ ਨਾਲ ਦਿਲਰੁਬਾ ਦੀਆਂ ਤਰਬਾਂ ਛੇੜ ਕੇ ਜਲ ਤਰੰਗ ਜਾਂ ਸੰਤੂਰ ਦੀ ਆਵਾਜ ਵਾਂਗ ਵੀ ਸਾਜ ਵਜਾਇਆ ਕਰਦੇ ਸਨ ਆਪ ਜੀ ਨੇ ਅਨੇਕਾਂ ਗੁਰਬਾਣੀ ਸ਼ਬਦਾਂ ਦੀਆਂ ਰਾਗ ਬੱਧ ਬੰਦਿਸ਼ਾਂ ਦੀ ਰਚਨਾ ਕੀਤੀ। ਜਿਨ੍ਹਾਂ ਵਿਚ ਖੰਡ ਮਾਤ੍ਰਾ ਦੀਆਂ ਬੰਦਿਸ਼ਾਂ ਸ਼ਾਸਤ੍ਰੀ ਸੰਗੀਤ ਦੇ ਖੇਤਰ ਵਿਚ ਵੀ ਏਨੀਆਂ ਉੱਚ ਮਿਆਰੀ ਬੰਦਸ਼ਾਂ ਹਨ ਕਿ ਵੱਡੇ -ਵੱਡੇ ਸੰਗੀਤ ਸ਼ਾਸਤ੍ਰੀ ਵੀ ਸੰਗੀਤ ਸੰਮੇਲਨਾਂ ਸਮੇਂ ਪੇਸ਼ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦਿਲਰੁਬਾ ਵਾਦਨ ਸਮੇਂ ਲੈਅ-ਤਾਲ ਨਾਲ ਇਕ-ਮਿੱਕ ਹੋਏ ਅਨਹਦ ਨਾਦ ਦਾ ਰੂਪ ਹੋ ਜਾਂਦੇ। ਕੀਰਤਨ ਸਮੇਂ ਗੁਰਬਾਣੀ ਇੰਜ ਗਾਉਂਦੇ ਕਿ ਗੁਰਬਾਣੀ ਦੇ ਭਾਵ ਸਪਸ਼ਟ ਹੁੰਦੇ। ਜਿਵੇਂ ਗੁਰਬਾਣੀ ਆਪਣੇ ਆਪ ਦੀ ਵਿਆਖਿਆ ਕਰ ਰਹੀ ਹੋਵੇ। ਗੁਰਬਾਣੀ, ਸੰਗੀਤ ਅਤੇ ਸਤਿਗੁਰੂ ਇਕ-ਮਿੱਕ ਹੋ ਜਾਂਦੇ। ਸੁਰਜੀਤ ਪਾਤਰ ਦੇ ਸ਼ਬਦਾਂ ਵਿਚ 'ਇਹ ਨੇ ਸਾਜ਼ ਤੇ ਸਾਜ਼-ਨਿਵਾਜ਼ ਤੂੰ 'ਸਾਜ਼-ਨਿਵਾਜ਼, ਰਾਗ-ਰੂਪ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਸਿੱਖ ਜਗਤ ਦੇ ਪ੍ਰਸਿੱਧ ਕੀਰਤਨੀਏ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਗੁਰਚਰਨ ਸਿੰਘ ਜੀ ਕੰਵਲ ਆਪਣੀ ਪੁਸਤਕ 'ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ' ਵਿਚ ਜੋ ਸ਼ਬਦ ਅੰਕਿਤ ਕਰਦੇ ਹਨ ਉਨ੍ਹਾਂ ਸ਼ਬਦਾਂ ਨਾਲ ਹੀ ਅਸੀਂ 'ਨਮੋ ਰਾਗ ਰੂਪੇ, ਰਾਗ ਰੂਪ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਮਨ ਕਰਦੇ ਹਾਂ।

"ਇੱਕੋ ਇੱਕ ਨਾਮਧਾਰੀ ਸੰਪਰਦਾਇ ਹੀ ਹੈ ਜਿੱਥੇ ਗੁਰਮਤਿ ਟਕਸਾਲੀ ਕੀਰਤਨ ਦਿਲਰੁਬਾ ਆਦਿਕ ਤੰਤੀ ਸਾਜ਼ਾਂ ਨਾਲ ਕੀਤਾ ਜਾਂਦਾ ਹੈ। ਹਰਮੋਨੀਅਮ ਬਿਲਕੁਲ ਨਹੀਂ ਵੇਖਿਆ, ਅੱਠਾਂ ਦਸਾਂ ਦਿਲਰੁਬਾਵਾਂ ਵਿੱਚੋਂ ਜਿਸ ਦਿਲਰੁਬਾ ਦੀ ਕੋਈ ਤਰਬ ਬੇਸੁਰੀ ਹੋ ਜਾਂਦੀ ਤਾਂ ਸਤਿਗੁਰੂ ਜੀ ਉਸੇ ਵੇਲੇ ਕੀਰਤਨ ਸਰਵਣ ਕਰਦੇ-ਕਰਦੇ ਇਸ਼ਾਰਾ ਕਰਕੇ ਉਸ ਦਿਲਰੁਬਾ ਦੀ ਉਹੋ ਬੇਸੁਰੀ ਹੋ ਚੁੱਕੀ ਸੁਰ ਨੂੰ ਸੁਰ ਵਿੱਚ ਕਰਨ ਦੀ ਪ੍ਰੇਰਨਾ ਕਰ ਦਿੰਦੇ। ਇਹ ਕੁਝ ਦਰਸ਼ਨ ਕਰਕੇ ਮੈਂ ਤਾਂ ਰੋਮ ਰੋਮ ਤੋਂ ਬਲਿਹਾਰ ਜਾਂਦਾ ਰਿਹਾ ਸੀ। ਮੈਂ ਇਸ ਤਰ੍ਹਾਂ ਦਾ ਸੁਰ ਬੋਧ ਵੱਡੇ ਵੱਡੇ ਗਵਈਆਂ ਵਿੱਚ ਵੀ ਨਹੀਂ ਦੇਖਿਆ। ਨਾਮਧਾਰੀ ਸੰਪਰਦਾਇ ਦੇ ਇਹਨਾਂ ਰਾਗੀਆਂ ਨੂੰ ਇਹ ਵੀ ਸਿਖਲਾਈ ਦਿੱਤੀ ਜਾਂਦੀ ਹੈ ਕਿ ਸਰੋਤਿਆਂ ਦੀ ਰੁਚੀ ਨੂੰ ਅਮੀਰ ਕਿਵੇਂ ਬਣਾਉਣਾ ਹੈ। ਕੁਝ ਸਾਲ ਪਹਿਲੋਂ ਮੈਨੂੰ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲੋਂ ਵੀ ਇਹ ਸਰੋਤ ਮੇਰੇ ਕੰਨੀਂ ਪੈਂਦੀ ਰਹਿੰਦੀ ਸੀ ਫਿਰ ਪਰਤੱਖ ਦਰਸ਼ਨ ਕਰ ਲਏ। ਇੰਜ ਜਾਪਿਆ ਕਿ ਭਗਵਾਨ ਰੂਪ ਪ੍ਰਭੂ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਧੁਰੋਂ ਦਰਗਾਹੋਂ ਹੀ ਸੰਗੀਤ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿੱਚ ਭੇਜਿਆ ਹੈ। ਵੱਡੇ ਵੱਡੇ ਤਾਲਾਂ ਦੀਆਂ ਪੁਰਾਤਨ ਬੰਦਿਸ਼ਾਂ ਬਿਨਾਂ ਕਿਸੇ ਸਾਜ ਦੀ ਸਹਾਇਤਾ ਦੇ, ਪੌਣੀਆਂ ਮਾਤਰਾਂ, ਸਵਾਈਆਂ ਮਾਤਰਾਂ ਅਤੇ ਡੇਢੀਆਂ ਮਾਤਰਾਂ ਵਿੱਚ ਰੀਤਾਂ ਨੂੰ ਉਹਨਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿੱਚ ਸੁਣਿਆ।"


**-ਸੇਵਕ ਹਰਪਾਲ ਸਿੰਘ, 94176-01321**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਜੀ ਏਥੇ ਸੁਖ ਅਨੰਦ ਹੈ, ਆਪਕੀ ਸੁਖ ਗੁਰੂ ਮਹਾਰਾਜ ਜੀ ਪਾਸੋ ਮੰਗਦੇ ਹਾ ਜੀ। ਤੁਸਾ ਦਾ ਧੰਨ ਜਨਮ ਹੈ ਜੋ ਤੁਸੀ ਸਾਨੂ ਐਤਨੀ ਦੂਰ ਸਮੁੰਦਰੋ ਪਾਰ ਚਲਕੇ ਦਰਸਨ ਦਿਤੇ ਨਾਲੇ ਪਦਾਰਥ ਦੀਆ। ਏਹੁ ਕੰਮ ਹਰ ਕਿਸੇ ਤੇ ਨਹੀ ਹੋਇ ਸਕਦਾ। ਗੁਰੂ ਦੀ ਕਿਰਪਾ ਨਾਲ ਧਰਮ ਡੰਡ ਕੋਈ ਹੀ ਸਹਿ ਸਕਦਾ ਹੈ। ਐਥੇ ਆ ਕੇ ਬੀ ਕਈ ਸਿੰਘ ਦੋ ਦੋ ਬਰਸ ਰਹਿ ਕੇ ਖਾਲੀ ਚਲੇ ਗਏ ਹੈਨ ਨਾਲੇ ਵੇਮਾਰਿ ਹੋਕੇ ਗਏ ਹੈਨ। ਤੁਸੀ ਤਾ ਭਾਈ ਸਿਖਾ ਵਾਲੀ ਕੀਤੀ, ਮੇਰੇ ਵਿਚ ਤਾ ਗੁਰੂ ਲਛਨ ਬਾਲ ਜਿਨਾ ਬੀ ਨਹੀ ਹੈ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਅੰਮ੍ਰਿਤ ਵੇਲੇ ਉੱਠੋ ਅਤੇ ਨਾਮ ਜਪੋ

ਜਿਹੜੇ ਨੌਜਵਾਨ ਬੱਚੇ-ਬੱਚੀਆਂ ਨੇ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਸੂਰਜ ਚੜ੍ਹਨ ਤੋਂ ਘੱਟੋ-ਘੱਟ ਦੋ ਘੰਟੇ ਪਹਿਲੋਂ ਜ਼ਰੂਰ ਉੱਠਿਆ ਕਰਨ। ਇਕ ਘੰਟਾ ਤਾਂ ਇਸ਼ਨਾਨ ਕਰਨ ਨੂੰ ਲੱਗ ਜਾਂਦਾ ਹੈ, ਬਾਕੀ ਇੱਕੋ ਘੰਟਾ ਬਚਦਾ ਹੈ। ਸਤਿਗੁਰਾਂ ਦਾ ਹੁਕਮ ਸਵਾ ਪਹਿਰ ਤੜਕੇ ਬੈਠ ਕੇ ਭਜਨ ਕਰਨ ਦਾ ਹੈ। ਸਵਾ ਪਹਿਰ ਦਾ ਮਤਲਬ ਹੈ, ਸਵਾ ਤਿੰਨ ਘੰਟੇ ਸੂਰਜੋਂ ਪਹਿਲੋਂ.......।

ਤੁਸੀਂ ਜਿਹੜੇ-ਜਿਹੜੇ ਧਰਮ ਨੂੰ ਮੰਨਦੇ ਹੋ, ਆਪਣੇ ਧਰਮ ਦੇ ਮੁਤਾਬਕ ਠੀਕ ਚੱਲੋ। ਨਮਾਜ਼ ਪੜ੍ਹੋ, ਪੂਜਾ ਕਰੋ, ਭਜਨ ਕਰੋ। ਲੇਕਿਨ ਇਹ ਤੁਸੀਂ ਚੇਤਾ ਰੱਖੋ ਕਿ ਸਾਰਿਆਂ ਦੇ ਵਾਸਤੇ ਅੰਮ੍ਰਿਤ ਵੇਲੇ ਉੱਠਣਾ ਬਹੁਤ ਜਰੂਰੀ ਹੈ। ਏਥੇ ਸਾਰੇ ਇੱਕਠੇ ਹੋ ਜਾਂਦੇ ਹਨ। ਜਿਹੜੇ ਚਾਹੁੰਦੇ ਹਨ ਕਿ ਸਾਡਾ ਭਜਨ-ਬਾਣੀ ਦਾ, ਸੇਵਾ ਦਾ ਕਿਸੇ ਨੂੰ ਪਤਾ ਹੀ ਨਾ ਲੱਗੇ, ਅਸਲ ਧਨ ਤੇ ਉਹ ਸਾਂਭਦੇ ਹਨ। ਜੋ ਕੋਈ ਆਦਮੀ ਪੈਸੇ ਕਮਾਉਂਦਾ ਹੈ, ਉਹ ਐਹੋ ਜਿਹੇ ਥਾਂ 'ਤੇ ਲੁਕੋ ਕੇ ਰੱਖਦਾ ਹੈ ਕਿ ਕਿਸੇ ਨੂੰ ਪਤਾ ਨਾ ਲੱਗੇ। ਜਿਹੜੇ ਸਿੱਖ ਰਾਤ ਨੂੰ ਗਿਆਰਾਂ-ਬਾਰ੍ਹਾਂ ਵਜੇ ਉੱਠ ਕੇ ਭਜਨ ਬਾਣੀ ਕਰਦੇ ਨੇ ਤੇ ਫੇਰ ਪਤਾ ਨਹੀਂ ਲੱਗਣ ਦੇਂਦੇ ਕਿਸੇ ਨੂੰ, ਉਹ ਬਹੁਤ ਧੰਨ ਨੇ। ਸਤਿਗੁਰੂ ਕਿਰਪਾ ਕਰੇ ਸਾਨੂੰ ਵੀ ਉਹ ਜੀਵਨ ਪ੍ਰਾਪਤ ਹੋਵੇ।

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਸ੍ਰੀ ਸਤਿਗੁਰੂ ਜਗਜੀਤ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ**

**ਸਥਾਨ-ਸ੍ਰੀ ਭੈਣੀ ਸਾਹਿਬ,2017**

ਪਰਮ ਸਤਿਕਾਰਯੋਗ ਸਾਧ ਸੰਗਤ,

ਬਾਹਰੋਂ ਆਏ ਹੋਏ ਕਲਾਕਾਰ, ਸ੍ਰੀ ਯੋਗੇਸ਼ ਜੀ,ਤਨਮਯ ਜੀ, ਸ੍ਰੀ ਮੀਤਾ ਪੰਡਿਤ ਜੀ, ਲੇਲੇ ਜੀ.....

ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਸੁਪਨਾ ਸੀ ਜੋ ਉਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਕਿ ਹਰ ਬੱਚੇ 'ਚੋਂ ਸੰਗੀਤ ਦੀ ਖੁਸ਼ਬੂ ਆਵੇ, ਹਰ ਬੱਚਾ ਸੰਗੀਤ ਸਿੱਖੇ, ਜੇ ਉਹ ਬੱਚਾ ਆਰਟਿਸਟ ਨਹੀਂ ਬਣ ਸਕਦਾ, ਘੱਟੋ-ਘੱਟ ਉਸ ਬੱਚੇ ਨੂੰ ਸੰਗੀਤ ਸੁਨਣ ਦੀ ਸਮਝ ਆ ਜਾਵੇ। ਉਸ ਆਸ਼ੇ ਨੂੰ ਲੈ ਕੇ, ਅਸੀਂ ਸੱਚੇ ਪਾਤਸ਼ਾਹ ਜੀ ਦੀ ਰੀਸ ਤਾਂ ਨਹੀਂ ਕਰ ਸਕਦੇ, ਪਰ ਉਸ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਦੇ ਵਿਚ ਇਹ ਸ਼ਰਧਾ ਦੇ ਫੁੱਲ ਭੇਟ ਨੇ ਜੋ ਇਹ 'ਸਤਿਗੁਰੂ ਜਗਜੀਤ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ' ਕਰਵਾ ਰਹੇ ਹਾਂ। ਮੈਂ ਇਹ ਸਮਝਦਾ ਹਾਂ ਕਿ ਅਸੀਂ ਜਿਹੜੇ ਇਹ ਆਯੋਜਨ ਕਰਵਾਉਣ ਵਾਲੇ ਹਾਂ, ਜਿਹੜੇ ਵੀ ਸੇਵਾਦਾਰ ਨੇ ਕਿਸੇ ਨੇ ਮਾਇਆ ਦੀ ਸੇਵਾ ਕੀਤੀ ਹੈ, ਕੋਈ ਜੋੜਿਆਂ ਦੀ ਸੇਵਾ ਕਰ ਰਿਹਾ ਹੈ, ਕੋਈ ਬੜੇ ਪਿਆਰ ਤੇ ਉਤਸ਼ਾਹ ਨਾਲ ਭੈਣੀ ਸਾਹਿਬ ਦੇ ਨੌਜੁਆਨ ਲੰਗਰ ਦੀ ਸੇਵਾ ਕਰ ਰਹੇ ਹਨ। ਬੀਬੀਆਂ ਪ੍ਰਸ਼ਾਦੇ ਪਕਾ ਰਹੀਆਂ ਹਨ। ਹਰ ਇਕ ਉਸ ਉਤਸ਼ਾਹ ਨਾਲ ਕਰ ਰਿਹਾ ਕਿ ਮੇਰੇ ਤੇ ਮੇਰੇ ਸਤਿਗੁਰੂ ਦੀ ਖੁਸ਼ੀ ਹੈ। ਇਥੇ ਕੋਈ ਵੀ ਇਹ ਨਹੀਂ ਸਮਝਦਾ ਕੀ ਮੈਂ ਕਿਸੇ ਲਈ ਕਰ ਰਿਹਾ ਹਾਂ। ਹਰ ਕੋਈ ਇਸ ਲਈ ਕਰ ਰਿਹਾ ਹੈ ਕਿ ਮੈਂ ਸੇਵਾ ਕਰਾਂਗਾ ਤਾਂ ਮੇਰੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਖੁਸ਼ੀ ਹੋਵੇਗੀ। ਇਥੇ ਜਿੰਨੇ ਕਲਾਕਾਰ ਵੀ ਆਉਂਦੇ ਨੇ ਅੱਜ ਯੋਗੇਸ਼ ਜੀ ਨੇ ਵਜਾਇਆ ਹੈ, ਮੀਤਾ ਪੰਡਤ ਜੀ ਨੇ ਗਾਇਆ ਹੈ, ਇਥੇ ਕੋਈ ਵੀ ਪੈਸੇ ਲੈਣ ਲਈ ਨਹੀਂ ਆਉਂਦਾ। ਉਹ ਇਥੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨ ਆਉਂਦੇ ਹਨ। ਅੱਜ ਜੋ ਤੁਸੀਂ ਯੋਗੇਸ਼ ਜੀ ਦਾ ਤਬਲਾ ਸੁਣਿਆ ਹੈ ਬਹੁਤ ਪ੍ਰੋਗ੍ਰਾਮ ਹੁੰਦੇ ਨੇ, ਪਰ ਇਹ ਚੀਜਾਂ ਇਸ ਤਰ੍ਹਾਂ ਦੀ ਪੇਸ਼ ਕਾਰੀ ਸ਼ਰਦਾ ਤੋਂ ਬਿਨਾ ਨਹੀਂ ਹੋ ਸਕਦੀ। ਸ਼ਾਇਦ ਇਹਨਾਂ ਦੇ ਸਾਲ ਵਿਚ ਸੌ ਤੋਂ ਜਿਆਦਾ ਪ੍ਰੋਗ੍ਰਾਮ ਹੁੰਦੇ ਹਨ ਪਰ ਇਹ ਚੀਜਾਂ ਹਰ ਜਗ੍ਹਾ ਵਜਾਈਆਂ ਨਹੀਂ ਜਾਂਦੀਆਂ। ਕੁਝ ਖਾਸ ਹੀ ਥਾਵਾਂ ਹੁੰਦੀਆਂ ਹਨ ਜਿਥੇ ਤੁਹਾਡੀ ਸ਼ਰਧਾ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਆਸਥਾ ਹੈ ਜਿਥੇ ਆਕੇ ਹਰ ਕਲਾਕਾਰ ਸਾਡੇ ਵਾਂਗ ਨਾਮਧਾਰੀ ਸਿੱਖਾਂ ਵਾਂਗ ਹੀ ਸਤਿਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਕਈ ਤਾਂ ਸਾਡੇ ਤੋਂ ਵੀ ਵੱਧ ਸ਼ਰਧਾ ਰੱਖਦੇ ਹਨ ਤੇ ਉਹ ਸਮਝਦੇ ਹਨ ਕਿ ਅਸੀਂ ਸਤਿਗੁਰੂ ਜੀ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰ ਰਹੇ ਹਾਂ। ਅਖੀਰ ਤੇ ਮੈਂ ਏਹੋ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਇਸ ਸੰਗੀਤ ਦੀ ਸੇਵਾ ਕਰਨ ਦਾ ਸਾਨੂੰ ਬਲ ਬਖਸ਼ਣ ਕਿਉਂਕਿ ਇਹ ਸੰਗੀਤ ਦੀ ਸੇਵਾ ਕੀਤਿਆਂ ਸਾਡੇ ਮਨ ਨੂੰ ਸ਼ਾਂਤੀ ਮਿਲਦੀ ਹੈ। ਉਹ ਸ਼ਾਂਤੀ ਸਾਡੇ ਚੁਫੇਰੇ ਵਿਚ ਸਭ ਨੂੰ ਮਿਲਦੀ ਹੈ। ਅਸੀਂ ਉਸ ਸੰਗੀਤ ਦੀ ਸੇਵਾ ਕਰ ਸਕੀਏ ਜਿਸ ਨਾਲ ਸਭ ਦੇ ਮਨ ਸ਼ਾਂਤ ਹੋਣ, ਸਾਰੇ ਪਾਸੇ ਖੁਸ਼ੀ ਹੋਵੇ। ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ ਸਾਡੇ ਸਭ ਦੇ ਸਿਰ ਤੇ ਹੋਵੇ। ਇਸੇ ਤਰ੍ਹਾਂ ਹੀ ਉਨ੍ਹਾਂ ਦਾ ਵਧਦਾ-ਫੁੱਲਦਾ ਰਹੇ।

ਸਤਿ ਸ੍ਰੀ ਅਕਾਲ

# ਇਹ ਨੇ ਸਾਜ਼, ਸਾਜ਼ਨਿਵਾਜ਼ ਤੂੰ

✍– ਸੁਰਜੀਤ ਪਾਤਰ

ਇਹ 74-75 ਦੀ ਗੱਲ ਹੋਵੇਗੀ । ਮੇਰਾ ਦੋਸਤ ਇੰਦਰਜੀਤ ਬਿੱਟੂ ਇਕ ਸ਼ਾਮ ਲਿਸ਼ ਲਿਸ਼ ਕਰਦੀ ਕਾਰ ਲੈ ਕੇ ਮੇਰੇ ਕੋਲ ਆਇਆ ਕਹਿਣ ਲੱਗਾ : ਦੇਖ ਮੈਂ ਨਵੀਂ ਕਾਰ ਲਈ ਹੈ, ਚੱਲ ਚੰਡੀਗੜ ਚੱਲਦੇ ਆਂ। ਤੁਰਦਿਆਂ ਕਰਦਿਆਂ ਡੂੰਘੀਆਂ ਸ਼ਾਮਾਂ ਹੋ ਗਈਆਂ । ਚੰਨ ਵੀ ਚਮਕ ਪਿਆ ।

ਚੰਡੀਗੜ ਦੇ ਰਾਹ ਵਿਚ ਭੈਣੀ ਸਾਹਿਬ ਦੇ ਸਾਈਨ ਬੋਰਡ ਦੇਖੇ ਤਾਂ ਕਹਿਣ ਲੱਗਾ : ਯਾਰ ਮੈਂ ਕਦੀ ਭੈਣੀ ਸਾਹਿਬ ਨਹੀਂ ਗਿਆ । ਚੱਲ ਏਥੋਂ ਦੀ ਹੋ ਕੇ ਫਿਰ ਚੰਡੀਗੜ੍ਹ ਜਾਂਦੇ ਹਾਂ।

ਭੈਣੀ ਸਾਹਿਬ ਪਹੁੰਚੇ ਤਾਂ ਓਥੇ ਅਲੌਕਿਕ ਦ੍ਰਿਸ਼ ਦੇਖਿਆ । ਇਉਂ ਲੱਗਿਆ ਜਿਵੇਂ ਧਰਤੀ ਤੇ ਬੈਕੁੰਠ ਉਤਰਿਆ ਹੋਵੇ। ਚੰਨ ਚਾਨਣੀ ਰਾਤ ਵਿਚ ਮੋਤੀਆਂ ਜੜੇ ਆਕਾਸ਼ ਹੇਠ ਦੂਰ ਤੱਕ ਜਿਵੇਂ ਚਿੱਟੇ ਗੁਲਾਬਾਂ ਦੀ ਫ਼ਸਲ ਵਾਂਗ ਨਾਮਧਾਰੀ ਸੰਗਤ ਜੁੜੀ ਹੋਈ ਸੀ ਤੇ ਚਿੱਟੀਆਂ ਸਫ਼ੇਦ ਚਾਦਰਾਂ ਨਾਲ ਸੁਸੱਜਿਤ ਮੰਚ ਉੱਤੇ ਸੁਸ਼ੋਭਿਤ ਸਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਉਨ੍ਹਾਂ ਦੇ ਬਿਲਕੁਲ ਕਰੀਬ ਸੁਭਾਇਮਾਨ ਸਨ ਸਿਤਾਰ ਦੇ ਸਿੱਧਹਸਤ ਕਲਾਕਾਰ ਉਸਤਾਦ ਵਿਲਾਇਤ ਹੁਸੈਨ ਖਾਨ ਜੀ ਚੰਨ ਦੀ ਚਾਨਣੀ ਅਤੇ ਤਾਰਿਆਂ ਦੀ ਲੋਅ ਵਿਚ ਤਾਰਾਂ ਦਾ ਰਾਗ ਘੁਲ ਰਿਹਾ ਸੀ । ਤਾਰਿਆਂ ਦੀਆਂ ਮਹੀਨ ਕਿਰਣਾਂ ਸਿਤਾਰ ਦੀਆਂ ਤਾਰਾਂ ਨੂੰ ਛੂੰਹਦੀਆਂ ਲਗਦੀਆਂ ਸਨ ਜਾਂ ਤਾਰਾਂ ਦੀ ਆਵਾਜ਼ ਤਾਰਿਆਂ ਦੀ ਦੁਨੀਆ ਵੱਲ ਜਾ ਰਹੀ ਸੀ।

ਇੰਦਰਜੀਤ ਤੇ ਮੈਂ ਓਥੇ ਜੋਗੇ ਹੀ ਹੋ ਗਏ, ਫਿਰ ਚੰਡੀਗੜ ਕਿਸਨੇ ਜਾਣਾ ਸੀ। ਅਸੀਂ ਤਾਂ ਕਿਸੇ ਹੋਰ ਜਹਾਨ ਵਿਚ ਪਹੁੰਚ ਗਏ ਸਾਂ ਚੰਡੀਗੜ ਤਾਂ ਉਸ ਜਹਾਨ ਵਿਚ ਹੈ ਹੀ ਨਹੀਂ ਸੀ। ਇਹ ਨਾਮਧਾਰੀ ਦਰਬਾਰ ਨਾਲ ਮੇਰੀ ਪ੍ਰਥਮ ਭੇਂਟ ਸੀ ਸੰਗੀਤ ਅਤੇ ਨਾਮਧਾਰੀ ਮੇਰੇ ਮਨ ਵਿਚ ਜਿਵੇਂ ਸਮਾਨਅਰਥਕ ਸ਼ਬਦ ਹੀ ਬਣ ਗਏ ਸਨ ਤੇ ਮੈਂ ਤਾਂ ਸਮਝਦਾ ਹਾਂ ਕਿ ਨਾਮਧਾਰੀ ਦਰਬਾਰ ਨੇ ਹਰ ਸਰਦਾਰ ਨੂੰ ਸਰਦਾਰ ਦੇ ਨਾਲ ਨਾਲ ਸੁਰਦਾਰ ਬਣਾਉਣ ਦੇ ਵੀ ਸ਼ਾਨਦਾਰ ਉਪਰਾਲੇ ਕੀਤੇ ਹਨ ।

ਇਸ ਸੰਗੀਤਮਈ ਸੰਧਿਆ ਤੋਂ ਬਾਅਦ ਮੈਂ ਹਮੇਸ਼ਾ ਲਈ ਨਾਮਧਾਰੀ ਦਰਬਾਰ ਦੀਆਂ ਸੰਗੀਤ ਸਭਾਵਾਂ ਨਾਲ ਜੁੜ ਗਿਆ । ਏਥੇ ਹੀ ਮੈਂ ਪਹਿਲੀ ਵਾਰ ਸਰੋਦ ਵਾਦਕ ਅਮਜਦ ਅਲੀ ਖਾਨ ਹੋਰਾਂ ਨੂੰ ਸੁਣਿਆ ਤੇ ਉਨ੍ਹਾਂ ਦੇ ਸਪੁੱਤਰਾਂ ਨੂੰ ਵੀ। ਏਥੇ ਹੀ ਰਾਜਨ ਸਾਜਨ ਹੋਰਾਂ ਨੂੰ ਤੇ ਏਥੇ ਹੀ ਸ਼ਿਵਮਨੀ ਨੂੰ।

ਏਥੇ ਹੀ ਮੈਂ ਅਤਿ ਊਰਜਾਵਾਨ ਤੇ ਅਨੂਠੇ ਨਾਮਧਾਰੀ ਰਾਗੀ ਬਲਵੰਤ ਸਿੰਘ ਹੋਰਾਂ ਨੂੰ ਸੁਣਿਆ। ਇਕ ਨਾਮਧਾਰੀ ਸੰਗੀਤਮਈ ਸਭਾ ਨੂੰ ਸੁਣਦਿਆਂ ਇਹ ਸਤਰਾਂ ਮੇਰੇ ਕਾਗਜ਼ਾਂ ਤੇ ਰਹਿਮਤ ਬਣ ਗਈਆਂ ਸਨ :

ਜਲਥਲ ਦੇਖੇ, ਮਹੀਅਲ ਦੇਖੇ
ਕਲਵਲ ਬਿਹਬਲ ਭਵਜਲ ਦੇਖੇ
ਸੋਨ ਸਵੇਰੇ
ਸਬਜ਼ ਬਨੇਰੇ
ਡੂੰਘੀਆਂ ਸ਼ਾਮਾਂ, ਘੋਰ ਹਨੇਰੇ
ਰਿਮਝਿਮ ਛਮ ਛਮ
ਕਿਣਮਿਣ ਕਣੀਆਂ
ਮੇਘਾ ਨੇ ਫੁਰਮਾਨ ਹੋ ਤਾਂ
ਭਿੱਜਦੇ ਹੋਏ
ਅੰਮ੍ਰਿਤ ਦੀ ਛਹਿਬਰ ਦੇ ਅੰਦਰ
ਅਪਣੀ ਰੂਹ ਦੇ ਬੰਜਰ ਦੇਖੇ ।
ਕੀ ਦੱਸਾਂ
ਸੰਗੀਤ ਸੁਣਦਿਆਂ
ਅੱਜ ਮੈਂ ਕੀ ਕੀ ਮੰਜ਼ਰ ਦੇਖੇ
ਰੂਹ ਅਪਣੇ ਹੀ ਹੰਝੂਆਂ ਦੇ ਵਿਚ
ਧੁਲ ਕੇ ਨਿਰਮਲ ਹੋਈ।

ਨਾਮਧਾਰੀ ਸਤਿਗੁਰਾਂ ਨੇ ਆਪਣੀ ਸੰਗਤ ਨੂੰ ਸੰਗੀਤ ਅਤੇ ਗੁਰਬਾਣੀ ਕੀਰਤਨ ਦੀ ਰਿਮਝਿਮ ਵਿਚ ਖੂਬ ਸੰਚਰਿਆ ਹੈ ਤੇ ਆਪਣੇ ਮੁਰੀਦਾਂ ਵਿਚੋਂ ਅਨੇਕ ਸੰਗੀਤ ਸਾਧਕਾਂ ਨੂੰ ਹਿੰਦੁਸਤਾਨ ਦੇ ਮਸ਼ਹੂਰ ਸੰਗੀਤਕਾਰਾਂ ਦੇ ਸ਼ਿਸ਼ ਬਣਾ ਕੇ ਉਨ੍ਹਾਂ ਦੀ ਸਰਪ੍ਰਸਤੀ ਕੀਤੀ ਹੈ । ਇਸੇ ਸਦਕਾ ਨਾਮਧਾਰੀ ਦਰਬਾਰ ਨੇ ਬਹੁਤ ਕਮਾਲ ਦੇ ਸੁਰੀਲੇ ਰਾਗੀ ਸਿੱਖ ਪੰਥ ਨੂੰ ਅਰਪੇ ਹਨ। ਇਹ ਉਨ੍ਹਾਂ ਦਾ ਅਦੁੱਤੀ ਯੋਗਦਾਨ ਹੈ ।

ਸੰਗੀਤ ਦਾ ਸਿੱਖੀ ਵਿਚ ਬਹੁਤ ਉੱਚਾ ਸਥਾਨ ਹੈ। ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਾਲ ਸੰਗੀਤਕਾਰ ਸੰਗੀ ਭਾਈ ਮਰਦਾਨਾ ਜੀ ਨੂੰ ਲਿਆ ।

ਵਾਰ ਵਾਰ ਜਨਮਸਾਖੀ ਵਿਚ ਇਹ ਵਾਕ ਆਉਂਦਾ ਹੈ :

ਮਰਦਾਨਿਆ ਰਬਾਬ ਵਜਾਇ। ਮਰਦਾਨੇ ਰਬਾਬ ਵਜਾਇਆ। ਬਾਬੇ ਰਾਗ ਵਿਚ ਸਬਦ ਉਠਾਇਆ। ਏਹੀ ਨਹੀਂ ਉਨ੍ਹਾਂ ਨੇ ਕਾਇਨਾਤ ਨੂੰ ਵੀ ਇਕ ਸੰਗੀਤਮਈ ਆਰਤੀ ਵਾਂਗ ਦੇਖਿਆ। ਜਿਸ ਵਿਚ ਅਨਹਤ ਸਬਦ ਦੀ ਭੇਰੀ ਵਜ ਰਹੀ ਹੈ ਤੇ ਪ੍ਰਭੂ ਦੇ ਦਰ ਦੇ ਮਾਹੌਲ ਨੂੰ ਵੀ 'ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ' ਜਿਹੇ ਸ਼ਬਦਾਂ ਨਾਲ ਰੂਪਮਾਨ ਕੀਤਾ ਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਸੰਗੀਤ ਤੇ ਗੁਰਸ਼ਬਦ ਦਾ ਰਿਸ਼ਤਾ ਜੁੱਗੋ ਜੁੱਗ ਅਟੱਲ ਕਰ ਦਿੱਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਰਗੀਕਰਣ ਰਾਗਾਂ ਵਿਚ ਕਰ ਕੇ ਤੇ ਹਰ ਸ਼ਬਦ ਦੇ ਮਸਤਕ ਤੇ ਰਾਗ ਦਾ ਨਾਮ ਲਿਖ ਕੇ ॥

ਉਹ ਪਾਵਨ ਨਾਦ-ਨਦੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਬੋਲਾਂ ਵਿਚ ਪ੍ਰਵਾਹਮਾਨ ਹੋਈ , ਉਹਦੇ ਸੂਖਮ ਸਰੂਪ ਦੇ ਕਿਨਾਰਿਆਂ ਤੇ ਹੀ ਵਸੀ ਹੋਈ ਹੈ ਭੈਣੀ ਸਾਹਿਬ ਦੀ ਨਗਰੀ, ਜਿੱਥੇ ਰਾਗਮਈ ਸ਼ਬਦ ਦਾ ਗਾਇਨ ਹੁੰਦਾ ਹੈ ਤੇ ਦੂਰ-ਦੂਰ ਤੱਕ ਸਜੀਆਂ ਸੰਗਤਾਂ ਉਸ ਸ਼ਬਦ ਨੂੰ ਮੰਤਰ ਮੁਗਧ ਹੋ ਕੇ ਸੁਣਦੀਆਂ ਹਨ। ਰਾਗਮਈ ਸ਼ਬਦ ਦੀ ਦਾਤ ਨੂੰ ਸਾਂਭਣ ਵਾਲੇ ਲੋਕ ਮਾਨਵਤਾ ਤੇ ਵੱਡਾ ਪਰਉਪਕਾਰ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਧਰਤੀ ਅਸੀਸ ਦਿੰਦੀ ਹੈ , ਬਿਰਖ ਬੂਟੇ ਅਸੀਸਾਂ ਦਿੰਦੇ ਹਨ,ਪੌਣਾਂ ਅਸੀਸਾਂ ਦਿੰਦੀਆਂ ਹਨ ।

ਗੁਰਬਾਣੀ ਕੀਰਤਨ ਦੇ ਅੰਮ੍ਰਿਤਮਈ ਬੋਲ ਇਸ ਜ਼ਹਿਰ ਪਹਿਰ ਵਾਲੇ ਜਲਤ ਜਲੰਦੇ ਦੇ ਸੀਨੇ ਨੂੰ ਠਾਰਦੇ ਹਨ। ਗੁਰਮਤਿ ਸੰਗੀਤ ਨੂੰ ਸਾਂਭਣ ਵਿਚ ਨਾਮਧਾਰੀ ਦਰਬਾਰ ਦਾ ਬਹੁਤ ਹੀ ਵੱਡਾ ਯੋਗਦਾਨ ਹੈ ।

ਮੇਰੇ ਕੁਝ ਨਿੱਜੀ ਅਨੁਭਵ ਹਨ ਜਿਹੜੇ ਮੇਰੇ ਲਈ ਬਹੁਤ ਅਮੋਲ ਹਨ। ਇਕ ਤਾਂ ਇਹ ਹੈ ਕਿ ਇਕ ਵਾਰੀ ਮੇਰੀ ਸਿਹਤ ਕਾਫ਼ੀ ਢਿੱਲੀ ਹੋ ਗਈ ਤਾਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਮੇਰੀ ਪੁਰਸਿਸ਼ ਲਈ ਖੁਦ ਮੇਰੇ ਘਰ ਪਧਾਰੇ ਤੇ ਉਨ੍ਹਾਂ ਦੀ ਹਜ਼ੂਰੀ ਵਿਚ ਮੇਰੇ ਛੋਟੇ ਵੀਰ ਉਪਕਾਰ ਸਿੰਘ ਨੇ ਗੀਤ ਗਾਇਆ ਤੇ ਜਿੰਨੀ ਦੇਰ ਇਹ ਆਲਮ ਰਿਹਾ ਮੇਰੇ ਦਿਲ ਦਾ ਪਿਆਰ ਮੇਰੀਆਂ ਅੱਖੀਆਂ ਰਾਹੀਂ ਭਰ ਭਰ ਉਛਲਦਾ ਰਿਹਾ ।

ਦੂਜਾ ਅਨਮੋਲ ਅਨੁਭਵ ਇਹ ਹੈ ਕਿ ਜਦ ਵੀ ਉਨ੍ਹਾਂ ਦੇ ਦਰਸ਼ਨ ਹੁੰਦੇ ਤਾਂ ਮੈਨੂੰ ਕੋਈ ਗੀਤ ਗ਼ਜ਼ਲ ਗਾਉਣ ਦਾ ਹੁਕਮ ਜ਼ਰੂਰ ਹੁੰਦਾ । ਇਹ ਮੇਰੇ ਲਈ ਵੱਡੇ ਮਾਣ ਤੇ ਖੁਸ਼ੀ ਦੀ ਗੱਲ ਹੁੰਦੀ ਸੀ ।

ਇਹ ਨੇ ਸਾਜ਼ ਸਾਜ਼ਨਵਾਜ਼ ਤੂੰ
ਤੇ ਫ਼ਿਜ਼ਾ ਨੂੰ ਧੁਨ ਦੀ ਉਡੀਕ ਹੈ
ਤੇਰੇ ਪੋਟਿਆਂ ਤੇ ਸੁਰਾਂ ਚ ਇਹ
ਕੇਹੇ ਫ਼ਾਸਿਲੇ ਕੇਹੀ ਲੀਕ ਹੈ......

ਹੇ ਕਵਿਤਾ ਮੈਂ ਮੁੜ ਆਇਆ ਹਾਂ
ਤੇਰੇ ਉਚੇ ਦੁਆਰ
ਜਿੱਥੇ ਹਰ ਦਮ ਸਰਗਮ ਗੂੰਜੇ
ਹਰ ਗ਼ਮ ਦਏ ਨਿਵਾਰ

ਅੱਥਰੂ ਜਿੱਥੇ ਚੜ੍ਹਨ ਚੜ੍ਹਾਵਾ
ਜਾਂ ਹੰਝੂ ਜਾਂ ਹਉਕਾ ਹਾਵਾ
ਦੁਖੜੇ ਦੇ ਕੇ ਮੁਖੜੇ ਲੈ ਜਾਓ ਗੀਤਾਂ ਦੇ ਸ਼ਿੰਗਾਰ
ਹੇ ਕਵਿਤਾ ਮੁੜ ਆਇਆ ਹਾਂ
ਤੇਰੇ ਉਚੇ ਦੁਆਰ......

ਅਸਾਡੀ ਤੁਹਾਡੀ ਮੁਲਾਕਾਤ ਹੋਈ ।
ਜਿਵੇਂ ਬਲਦੇ ਜੰਗਲ ਤੇ ਬਰਸਾਤ ਹੋਈ

ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਦਿਸਿਆ ਤਾਂ ਪਰਭਾਤ ਹੋਈ

ਤੂੰ ਤੱਕਿਆ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਦੇ ਤੱਕਦੇ ਕਰਾਮਾਤ ਹੋਈ.....

ਮੇਰੇ ਇਨ੍ਹਾਂ ਗੀਤਾਂ ਗ਼ਜ਼ਲਾਂ ਦੇ ਗਾਇਨ ਨੂੰ ਉਨ੍ਹਾਂ ਦੀ ਮੌਜੂਦਗੀ ਦਾ ਮਾਣ ਮਿਲਿਆ ਤੇ ਇਕ ਦੁਰਲੱਭ ਛਿਣ ਉਨ੍ਹਾਂ ਨੇ ਮੇਰੇ ਸੀਨੇ ਤੇ ਅਪਣੇ ਦੈਵੀ ਪੋਟੇ ਰੱਖ ਕੇ ਕਿਹਾ : 'ਤੂੰ ਦਿਲੋਂ ਹੀ ਲਿਖਦਾ ਏਂ ਤੇ ਦਿਲੋਂ ਹੀ ਗਾਉਂਦਾ ਏਂ। ' ਇਹ ਬੋਲ ਮੇਰੇ ਲਈ ਮਹਾ ਪੁਰਸਕਾਰ ਨੇ । ਉਸ ਵਕਤ ਜਿਵੇਂ ਮੇਰਾ ਵਜੂਦ ਸਾਜ਼ ਸੀ ਤੇ ਉਹ ਪੋਟੇ ਸਾਜ਼ਨਵਾਜ਼, ਉਹ ਛਿਣ ਮੇਰੀ ਜ਼ਿੰਦਗੀ ਦਾ ਅਨਮੋਲ ਸਰਮਾਇਆ ਹਨ ।

ਆਖਰੀ ਗੀਤ ਜਿਹੜਾ ਮੈਂ ਆਪ ਜੀ ਦੀ ਹਾਜ਼ਰੀ ਵਿਚ ਗਾਇਆ ਸੀ ਉਸ ਵਿਚ ਸੰਗੀਤ ਅਤੇ ਕਵਿਤਾ ਦੇ ਕਾਇਨਾਤੀ ਦਰਬਾਰ ਦਾ ਮਾਹੌਲ ਹੈ :

ਤੇਰੀ ਲੋਏ
ਲਫ਼ਜ਼ ਪਰੋਏ
ਮਿਟ ਸਾਰੇ ਗਮ ਸਰਗਮ ਹੋਏ
ਹਰ ਰੁੱਖ ਸਾਜ਼ ਜਿਹਾ ਵੱਜਦਾ ਹੈ।
ਪੱਤਾ ਪੱਤਾ ਸੁਰ ਲਗਦਾ ਹੈ ।
ਇਹ ਦਰਬਾਰ ਸਦਾ ਸਜਦਾ ਹੈ।
ਰਿਸ਼ਮਾਂ ਕਿਰਣਾਂ ਬਣਨ ਚੰਦੋਏ,
ਤੇਰੀ ਲੋਏ......

**ਬਾਕੀ ਸਫ਼ਾ 13 'ਤੇ.....................**

# ਸੰਗੀਤ ਸਰੂਪ ਸਤਿਗੁਰੂ ਜਗਜੀਤ ਸਿੰਘ ਜੀ

-ਅਜੀਤ ਸਿੰਘ ਲਾਇਲ

"ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸੰਗੀਤ ਕੇ ਸਾਗਰ ਹੈਂ, ਉਨਕੀ ਸੰਗੀਤ ਸਾਧਨਾ ਕੇ ਬਾਰੇ ਮੇ, ਮੈਂ ਕੁਛ ਕਹਿ ਸਕੂੰ ਯਹ ਮੇਰੇ ਵੱਸ ਕੀ ਬਾਤ ਨਹੀਂ ਹੈ।" ਇਹ ਅਲਫਾਜ਼ ਭਾਰਤੀਯ ਸ਼ਾਸਤ੍ਰੀ ਸੰਗੀਤ ਦੇ ਤਾਰਾਮੰਡਲ ਦੇ ਚਮਕਦੇ ਸਿਤਾਰੇ ਉਸਤਾਦ ਬਿਸਮਿੱਲਾ ਖਾਂ ਸਾਹਿਬ ਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨਿਰਸੰਦੇਹ ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਮਾਹਾਂਸਾਗਰ ਸਨ। ਜਿੰਨ੍ਹਾਂ ਕੋਲ ਗੁਰੂ ਘਰ ਦੀਆਂ ਪੁਰਾਤਨ ਰੀਤਾਂ ਅਤੇ ਬੰਦਿਸ਼ਾਂ ਦਾ ਅਥਾਹ ਖਜ਼ਾਨਾ ਸੀ। ਉਹ ਗੁਰਮਤਿ ਸੰਗੀਤ, ਜੋ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਗੁਰੂ ਘਰ ਵਿਚ ਕੀਰਤਨਕਾਰ ਰਬਾਬੀਆਂ ਵੱਲੋਂ ਗਾਇਆ ਜਾਂਦਾ ਸੀ ਅਤੇ ਜੋ ਸੀਨਾ-ਬ-ਸੀਨਾ ਰਬਾਬੀ ਕੀਰਤਨੀਆਂ ਵੱਲੋਂ ਸੰਭਾਲਿਆ ਹੋਇਆ ਸੀ, ਉਸ ਵੱਡਮੁੱਲੇ ਖਜ਼ਾਨੇ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਹੁਤ ਵੱਡੇ ਯਤਨਾਂ ਅਤੇ ਉਪਰਾਲਿਆਂ ਨਾਲ ਉਨ੍ਹਾਂ ਰਬਾਬੀਆਂ ਨੂੰ, ਸ੍ਰੀ ਭੈਣੀ ਸਾਹਿਬ ਬੁਲਾ ਕੇ, ਉਨ੍ਹਾਂ ਕੋਲੋਂ ਉਹ ਰੀਤਾਂ, ਉਹ ਬੰਦਿਸ਼ਾਂ, ਧੁਨੀਆਂ ਅਤੇ ਧਰੁਪਦ ਸੰਭਾਲੇ। ਉਨ੍ਹਾਂ ਰਬਾਬੀਆਂ ਚੋਂ ਚੁਨਿੰਦਾ ਰਬਾਬੀਆਂ ਨੂੰ ਸ੍ਰੀ ਭੈਣੀ ਸਾਹਿਬ ਦੇ ਗੁਰਮਤਿ ਵਿਦਿਆਲੇ ਵਿਚ ਸੰਗੀਤ ਉਸਤਾਦ ਨਿਯੁਕਤ ਕੀਤਾ, ਤਾਂ ਕਿ ਸਿੱਖਿਆ ਗ੍ਰਹਿਣ ਕਰ ਰਹੇ ਵਿਦਿਆਰਥੀ ਵੀ ਇਸ ਪੁਰਾਤਨ ਪ੍ਰੰਪਰਿਕ ਸੰਗੀਤ ਨੂੰ ਸਿੱਖ ਸਕਣ। ਸਤਿਗੁਰੂ ਜਗਜੀਤ ਸਿੰਘ ਜੀ ਨੇ, ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਸੰਗੀਤ ਦੀਆਂ ਬਰੀਕੀਆਂ ਤਾਂ ਗ੍ਰਹਿਣ ਕੀਤੀਆਂ ਹੀ ਪਰ ਨਾਲ ਨਾਲ ਉਸਤਾਦ ਭਾਈ ਹਰਨਾਮ ਸਿੰਘ ਚਵਿੰਡਾ, ਉਸਤਾਦ ਊਧੋ ਖਾਂ ਸਾਹਿਬ, ਉਸਤਾਦ ਰਹੀਮ ਬਖਸ਼, ਉਸਤਾਦ ਭਾਈ ਮਸਤਾਨ ਸਿੰਘ, ਪੰਡਿਤ ਮਹਾਂਦੇਵ ਜੀ 'ਕੱਥਕ, ਭਾਈ ਤਾਬਾ ਜੀ, ਭਾਈ ਨਸੀਰ ਜੀ ਤੋਂ ਵੀ ਉਨ੍ਹਾਂ ਦੁਆਰਾ ਸੰਭਾਲਿਆ ਸੰਗੀਤ ਦਾ ਖਜ਼ਾਨਾ ਗ੍ਰਹਿਣ ਕੀਤਾ ਅਤੇ ਸੰਭਾਲਿਆ।

ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਨਾਲ ਇਸ ਤਰ੍ਹਾਂ ਓਤਪੋਤ ਸਨ, ਜਿਸ ਬਾਰੇ ਪੰਡਿਤ ਰਾਜਨ ਮਿਸ਼ਰਾ ਜੀ ਦਾ ਕਥਨ ਹੈ ਕਿ 'ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕੇ ਲੀਏ ਜੋ ਕੀਆ ਹੈ ਵੋਹ ਕੋਈ ਸੰਗੀਤ ਉਸਤਾਦ ਭੀ ਨਹੀਂ ਕਰ ਸਕਤਾ। ਐਸੇ ਸਮੇਂ ਮੇਂ ਆਪ ਜੈਸਾ ਮਹਾਨ ਗੁਰੂ ਹੋਨਾ ਬਹੁਤ ਮੁਸ਼ਕਿਲ ਬਾਤ ਹੈ। ਆਪ ਕੇ ਮਸਤਿਸ਼ ਮੇ ਚੌਬੀਸ ਘੰਟੋਂ ਸੰਗੀਤ ਚਲਤਾ ਰਹਿਤਾ ਹੈ।' "ਪੰਡਿਤ ਜੀ ਦੱਸਦੇ ਹਨ ਕਿ "ਅਫਰੀਕਾ ਕੇ ਮਸਾਈਮਾਰਾ ਜੰਗਲੋਂ ਮੇਂ ਬੈਠੇ ਬੈਠੇ ਮੇਰੇ ਧਿਆਨ ਮੇਂ ਏਕ ਰਾਗ ਕਾ ਸਰੂਪ ਆਇਆ ਜਿਸ ਕੀ ਚਾਲ ਬੜੀ ਟੇਢੀ ਮੇਢੀ ਔਰ ਬਿਖਮ ਹੋਤੀ ਹੈ, ਮੈਨੇ ਇਸ ਰਾਗ ਕੇ ਬਾਰੇ ਮੇਂ ਸਤਿਗੁਰੂ ਜੀ ਸੇ ਜ਼ਿਕਰ ਕੀਆ। ਹਮਾਰੀ ਹੈਰਾਨੀ ਕੀ ਹੱਦ ਹੀ ਹੋ ਗਈ ਜਬ ਕੁਝ ਛਣੋਂ ਮੇਂ ਹੀ ਸਤਿਗੁਰੂ ਜੀ ਨੇ ਰਾਗ ਮਾਲਕੌਂਸ ਅਰ ਝੱਪ ਤਾਲ ਮੇਂ ਏਕ ਬਹੁਤ ਸੁੰਦਰ ਬੰਦਿਸ਼ ਤਿਆਰ ਕੀ ਅਰ ਸੁਨਾਈ, ਹਮਨੇ ਯਹ ਬੰਦਿਸ਼ ਸੁਨੀ ਤੋ ਹਮਾਰੇ ਮੂੰਹ ਸੇ ਅਪਨੇ ਆਪ ਨਿਕਲਾ ਵਾਹ ਵਾਹ ਕਿਆ ਬਾਤ ਹੈ, ਹਮਾਰੇ ਲੀਏ ਤੋ ਯਹ ਬਹੁਤ ਅਸਮੰਜਿਸ ਕੀ ਬਾਤ ਥੀ।"

ਪ੍ਰਸਿੱਧ ਚਿੰਤਕ ਤੇ ਲੇਖਕ ਡਾ. ਅਮਰ ਭਾਰਤੀ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸ਼ੀਅਤ ਬਾਰੇ ਲਿਖਦੇ ਹਨ, "ਉਸਨੂੰ ਆਪ ਗਾਉਂਦਿਆਂ ਅਤੇ ਗਾਣ ਸੁਣਦਿਆਂ ਕੁਦਰਤ ਦੇ ਰੰਗਾਂ ਰੂਪਾਂ ਨਾਲ ਇਕ ਮਿਕ ਹੁੰਦਿਆਂ ਵੇਖਿਆ ਜਾ ਸਕਦਾ ਹੈ।........ਨੀਂਦ ਅਤੇ ਸੰਗੀਤ ਵੇਲੇ ਉਹ ਬਾ-ਨੇਮਾਂ ਹੈ ਪਰ ਸਾਧਨਾ ਭਜਨ ਪੱਖੋਂ ਪੱਕਾ ਨਿੱਤਨੇਮੀ, ਉਹ ਅਣਥੱਕ ਯਾਤਰੀ ਹੈ ਸੱਜਗ ਦ੍ਰਸ਼ਟਾ ਅਤੇ ਪ੍ਰੇਮ ਪਿਆਰ ਦਾ ਸੁਸ਼ਟਾ ਹੈ ..."

ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਦੇ ਖੇਤਰ ਵਿਚ ਜਿਨ੍ਹਾਂ ਬੁਲੰਦੀਆਂ ਨੂੰ ਛੋਹਿਆ, ਉਹ ਕਥਨ ਤੋਂ ਕਿਤੇ ਉਤਾਂਹ ਨੇ, ਧਰੁਪਦ ਸ਼ੈਲੀ ਸਤਿਗੁਰੂ ਜੀ ਦੀ ਪਸੰਦੀਦਾ ਸੰਗੀਤ ਸ਼ੈਲੀ ਸੀ। ਇਕ ਵਾਰ ਬਚਨ ਕਰਦਿਆਂ ਆਪ ਜੀ ਨੇ ਫੁਰਮਾਇਆ ਕਿ 'ਢਾਈ ਸੌ ਧਰੁਪਦ ਤਾਂ ਮੈਂਨੂੰ ਉਹ ਯਾਦ ਹਨ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਉਸਤਾਦਾਂ ਤੋਂ ਸਿੱਖੇ', ਉਨ੍ਹਾਂ ਧਰੁਪਦਾਂ ਦੀ ਗਿਣਤੀ ਵੱਖਰੀ ਹੈ ਜੋ ਸਤਿਗੁਰੂ ਜੀ ਨੇ ਆਪ ਕੰਪੋਜ਼ ਕੀਤੇ।

ਇਸ ਤੋਂ ਬਿਨਾ ਸੰਗੀਤ ਦੇ ਖੇਤਰ ਵਿਚ ਖੰਡ ਮਾਤਰਾਵਾਂ ਦੀ ਦੇਣ ਸਤਿਗੁਰੂ ਜੀ ਦੀ ਭਾਰਤੀਯ ਸ਼ਾਸਤ੍ਰੀ ਸੰਗੀਤ ਜਗਤ ਨੂੰ ਇਕ ਅਦੁੱਤੀ ਦੇਣ ਹੈ। ਪੌਣੀਆਂ ਡੂਢੀਆਂ ਅਤੇ ਸਵਾਈਆਂ ਮਾਤਰਾਂ ਵਿਚ ਸੰਗੀਤ ਬੰਦਿਸ਼ਾਂ ਬਣਾ ਕੇ ਸੁਣਾ ਦੇਣਾ ਸਤਿਗੁਰੂ ਜੀ ਲਈ ਬਹੁਤ ਹੀ ਸੁਭਾਵਿਕ ਕਰਮ ਸੀ। ਖੰਡ-ਮਾਤਰਾਂ ਵਿਚ ਬਣਾਈਆਂ ਇਨ੍ਹਾਂ ਵਿਖਮ ਬੰਦਿਸ਼ਾਂ ਨੂੰ ਫਿਰ ਨਾਮਧਾਰੀ ਨੌਜਵਾਨ ਸੰਗੀਤ ਸਿਖਿਆਰਥੀਆਂ ਨੂੰ ਸਿਖਾ ਕੇ ਵੱਡੇ ਵੱਡੇ ਸੰਗੀਤ ਸੰਮੇਲਨਾ ਵਿਚ ਗਵਾ ਕੇ ਸੰਗੀਤ ਉਸਤਾਦਾਂ ਨੂੰ ਚਕ੍ਰਿਤ ਕਰ ਦੇਣਾ ਅਤੇ ਸੰਗੀਤ ਸਰੋਤਿਆਂ

ਦੀਆਂ ਤਾੜੀਆਂ ਨਾਲ ਹਾਲ ਗੂੰਜਣ ਲਗ ਪੈਣਾ। ਇਕ ਸੰਗੀਤ ਸੰਮੇਲਨ ਤੇ ਅਜਿਹਾ ਹੀ ਕ੍ਰਿਸ਼ਮਾ ਵੇਖ ਕੇ ਬੰਸਰੀ-ਵਾਦਕ ਸ੍ਰੀ ਅੱਨਾ ਅਤੇ ਤਬਲਾਵਾਦਕ ਸ੍ਰੀ ਕਾਸ਼ੀਨਾਥ ਵਿਸਮਾਦ ਵਿਚ ਪੁਕਾਰ ਉੱਠੇ, "ਹਜ਼ੂਰ ਕੈਸੀ ਰਚਨਾ ਕੀ ਆਪ ਨੇ, ਪਹਿਲੇ ਤੋ ਕਭੀ ਪੌਣੀ ਮਾਤ੍ਰਾ ਨਹੀਂ ਸੁਨੀ, ਬੱਚੋਂ ਨੇ ਤਬਲਾ ਕਿਤਨਾ ਸ਼ਾਨਦਾਰ ਬਜਾਇਆ ਹੈ ਔਰ ਵਜਾਈ ਭੀ ਪੌਣੀ ਪੰਦਰਾ ਮਾਤਰਾ.."

ਇਕ ਸੰਗੀਤ ਬੈਠਕ, ਜਿਸ ਵਿਚ ਸਰੋਦ ਸਮਰਾਟ ਉਸਤਾਦ ਅਮਜਦ ਅਲੀ ਖਾਂ ਸਾਹਿਬ ਅਪਣੀ ਸੁਪਤਨੀ ਬੀਬੀ ਸੁਭਾਲਕਸ਼ਮੀ ਨਾਲ ਬਿਰਾਜਮਾਨ ਸਨ। ਸਤਿਗੁਰੂ ਜੀ ਸਾਢੇ ਤੇਰਾਂ ਮਾਤਰਾ ਵਿਚ ਬਸੰਤ ਰਾਗ ਦੀ ਬੰਦਿਸ਼ ਦਾ ਗਾਇਨ ਕਰ ਰਹੇ ਸਨ। ਇਸ ਅਦਭੁਤ ਸ਼ਬਦ ਰੀਤ ਦਾ ਗਾਇਨ ਸੁਨਣ ਉਪਰੰਤ ਖਾਂ ਸਾਹਿਬ ਨੇ ਆਪਣੀ ਸੁਪਤਨੀ ਨੂੰ ਸੰਬੋਧਨ ਕਰਦਿਆਂ ਆਖਿਆ,'ਸਤਿਗੁਰੂ ਜੀ ਐਸੀ ਐਸੀ ਲੈਅ ਮੇ ਸ਼ਬਦ ਗਾਇਨ ਕਰਵਾ ਦੇਤੇ ਹੈਂ ਜੋ ਦੂਸਰੋਂ ਕੀ ਸਮਝ ਮੇ ਹੀ ਨਹੀਂ ਆਤਾ, ਸਿਰ ਦਰਦੀ ਕਾ ਕਾਮ ਇਤਨੀ ਅਸਾਨੀ ਸੇ ਕਰ ਦੇਤੇ ਹੈਂ ਕਿ ਹੈਰਾਨੀ ਤੋ ਹੋਤੀ ਹੀ ਹੈ ਸਾਥ ਮੇ ਸੰਗੀਤ ਮੈਂ ਐਸੀ ਐਸੀ ਬੰਦਿਸ਼ੇਂ ਸੁਨ ਕਰ, ਸਤਿਗੁਰੂ ਜੀ ਕਾ ਭਾਰਤੀਯ ਸ਼ਾਸਤ੍ਰੀ ਸੰਗੀਤ ਕੀ ਪ੍ਰਭਿਤਾ ਕੋ ਔਰ ਅਮੀਰ ਕਰਨੇ ਕੇ ਲੀਏ ਵਾਰ ਵਾਰ ਧੰਨਿਯਾਵਾਦ ਦੇਨੇ ਕੋ ਮਨ ਹੋਤਾ ਹੈ।'

1980 ਈਸਵੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਦਾ ਅਯੋਜਨ ਔਰੰਗਾਬਾਦ ਵਿਖੇ ਕੀਤਾ ਗਿਆ ਇਸ ਸੰਗੀਤ ਸੰਮੇਲਨ ਵਿਚ, ਸਤਿਗੁਰੂ ਜੀ ਵੱਲੋਂ ਨਾਮਧਾਰੀ ਬੱਚਿਆਂ ਨੂੰ ਖੰਡ ਮਾਤਰਾ ਵਿਚ ਸਿਖਾਇਆ ਗਾਇਨ ਸੁਣ ਕੇ ਪ੍ਰਸਿੱਧ ਬੰਸਰੀ ਵਾਦਕ ਪੰਡਿਤ ਹਰੀ ਪ੍ਰਸਾਦਿ ਚੌਰਸੀਆ ਜੀ ਹੱਥ ਜੋੜ ਸਤਿਗੁਰੂ ਜੀ ਦੇ ਸਨਮੁੱਖ ਆ ਹਾਜਰ ਹੋਏ ਅਤੇ ਅਰਜ਼ ਕੀਤੀ, "ਕਭੀ ਹਮਾਰੇ ਗਰੀਬਖਾਨੇ (ਬੰਬਈ) ਭੀ ਤਸ਼ਰੀਫ ਲਾਏਂ ਯਾ ਕਿਰਪਾ ਹਮੇ ਵਕਤ ਦੀਜੀਏਗਾ। ਆਪ ਸੇ ਸਾਢੇ, ਪੌਣੇ, ਸਵਾਈ ਮਾਤਰਾ ਕਾ ਗਿਆਨ ਹਮ ਭੀ ਹਾਂਸਿਲ ਕਰ ਲੇਂ।" ਉਸਤਾਦ ਅਮਜਦ ਅਲੀ ਸਾਹਿਬ ਜੀ ਦਾ ਹੀ ਕਥਨ ਹੈ, "ਸਤਿਗੁਰੂ ਜਗਜੀਤ ਸਿੰਘ ਜੀ ਮਾਰਗ ਦਰਸ਼ਨ ਕਰ ਰਹੇ ਹੈਂ, ਸੰਗੀਤ ਕਾ। ਵੋਹ ਸਭ ਧਰੁਪਦ, ਧਮਾਰ ਬਹੁਤ ਪੁਰਾਨੀ ਚੀਜੇਂ ਕੁਛ ਨਏ ਤਾਲ ਕੰਪੋਜ਼ ਕਰ ਰਹੇ ਹੈਂ, ਜੋ ਹਮ ਲੋਗੋਂ ਕੇ ਭੀ ਬਸ ਕੇ ਬਾਹਰ ਕੀ ਬਾਤ ਹੈ, ਪੌਣੇ ਆਠ, ਪੌਣੇ ਗਿਆਰਾਹ, ਸਵਾ ਚੌਦਾਹ, ਪੌਣੇ ਪੰਦਰਾਂਹ ਯਹਾਂ ਤਕ ਕਿ ਤੇਰ੍ਹਾਂ ਸਹੀ ਸਾਤ ਬਟਾ ਆਠ....."

ਸਤਿਗੁਰੂ ਜਗਜੀਤ ਸਿੰਘ ਜੀ ਜਿਸ ਵੀ ਸੰਗੀਤ ਸਭਾ ਵਿਚ ਸੁਭਾਇਮਾਨ ਹੋਇਆ ਕਰਦੇ ਸਨ ਉਸ ਸਭਾ ਦਾ ਮਹੌਲ ਹੀ ਰੁਹਾਨੀ ਹੋ ਜਾਇਆ ਕਰਦਾ ਸੀ ਜਿਵੇਂ ਸੰਗੀਤ ਦੀ ਦੇਵੀ ਸਰਸਵਤੀ ਖੁਦ ਆਪਣੇ ਸਾਜ਼ ਲੈ ਕੇ ਸਭਾ ਵਿਚ ਹਾਜ਼ਰ ਹੋਵੇ। ਜਿਵੇਂ ਇਕ ਤੋਂ ਬਾਅਦ ਇਕ ਰਾਗ ਹੱਥ ਬੰਨੀ ਸਤਿਗੁਰੂ ਜੀ ਦੀ ਹਜੂਰੀ ਵਿਚ ਖਲੋਤਾ ਹੋਵੇ ਕਿ ਪਹਿਲਾਂ ਮੈਨੂੰ ਗਾਓ ਪਹਿਲਾਂ ਮੈਨੂੰ ਗਾਓ। ਸੰਗੀਤ ਦੀ ਅਜਿਹੀ ਅਵਸਥਾ ਤਾਰੀ ਹੋਣੀ ਕਿ ਰਾਗਾਂ ਦੇ, ਬੰਦਿਸ਼ਾਂ ਦੇ ਤਰਾਨਿਆਂ ਦੇ ਰੂਪਾਂ ਸਰੂਪਾਂ ਦੀ ਝੜੀ ਲਗ ਜਾਣੀ। ਆਪ ਜੀ ਦੇ ਮੁਖਾਰਬਿੰਦ ਚੋਂ ਰਾਗ ਰੂਪੀ ਸੁਰ ਉਚਰਦੇ ਵੇਖ ਇਵੇਂ ਜਾਪਣਾ ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ, ਇਸ ਸੰਸਾਰ ਵਿਚ ਸਾਖਸ਼ਾਤ ਨਾਦ ਰੂਪ ਹੀ ਪ੍ਰਗਟ ਹੋਏ ਹਨ।

ਪ੍ਰਸਿੱਧ ਸੰਤੂਰ ਵਾਦਕ ਉਸਤਾਦ ਪੰਡਿਤ ਸ਼ਿਵ ਕੁਮਾਰ ਜੀ ਦਾ ਕਥਨ ਹੈ, "ਸਤਿਗੁਰੂ ਜੀ ਕੇ ਬੈਠਨੇ ਸੇ ਸੰਗੀਤ ਮੇਂ ਕੁਛ ਔਰ ਹੀ ਬਾਤ ਹੋ ਜਾਤੀ ਹੈ। ਸਤਿਗੁਰੂ ਜੀ ਹਿੰਦੁਸਤਾਨ ਮੇ ਸੰਗੀਤ ਕੇ ਲੀਏ ਜੋ ਕਰ ਰਹੇ ਹੈਂ ਵੋਹ ਅਕੇਲੇ ਹੀ ਹੈਂ ਉਨਕੀ ਮਿਸਾਲ ਨਹੀਂ। ਲੋਗ ਵਿਉਪਾਰ ਕੇ ਲੀਏ ਸੰਗੀਤ ਅਯੋਜਨ ਕਰ ਰਹੇ, ਔਰ ਸਤਿਗੁਰੂ ਜੀ, ਦੇਸ਼ ਕੇ ਲੀਏ, ਕਲਾਕਾਰੋਂ ਕੇ ਲੀਏ, ਜਨਤਾ ਕੇ ਲੀਏ ਕਰਤੇ ਹੈਂ।ਹਮ ਸਭ ਸਤਿਗੁਰੂ ਜੀ ਕੇ ਬਹੁਤ ਅਭਾਰੀ ਹੈਂ।"

ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਜਿਨ੍ਹਾਂ ਨੂੰ ਸਖਤ ਸੁਭਾਅ ਵਾਲੇ ਮੰਨਿਆ ਜਾਂਦਾ ਸੀ, ਪਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਪ੍ਰਤਿਭਾ ਅਤੇ ਰੂਹਾਨੀ ਪੁੰਨ-ਪ੍ਰਤਾਪ ਵੇਖ ਏਨੇ ਮੁਤਾਸਰ ਹੋਏ ਕਿ ਅਰਜ ਕਰਕੇ ਆਪ ਨਾਮਧਾਰੀ ਬੱਚਿਆਂ ਨੂੰ ਸੰਗੀਤ ਸਿਖਾਣ ਵਾਸਤੇ ਮੰਗਿਆ, ਆਪਣੇ ਕੋਲ ਆਪਣੀ ਰਹਾਇਸ਼ ਦੇਹਰਾਦੂਨ ਵਿਖੇ .. ਰੱਖਿਆ ਤੇ ਉਹ ਸੰਗੀਤ ਦੀਆਂ ਬਰੀਕੀਆਂ ਸਿਖਾਈਆਂ ਜਿਨ੍ਹਾਂ ਬਾਰੇ ਉਸਤਾਦ ਜੀ ਆਖਦੇ ਹੁੰਦੇ ਸੀ ਕਿ "ਯਹ ਕੇਵਲ ਸਤਿਗੁਰੂ ਕੇ ਕਾਰਨ ਹੀ ਆਪ ਕੋ ਬਤਾ ਰਹੇ ਹੈਂ........

ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਦਾ ਕਥਨ ਹੈ, "ਜਬ ਹਮ ਬਿਦੇਸ਼ ਜਾ ਰਹੇ ਥੇ ਤੋ ਮੈਨੇ ਸਤਿਗੁਰੂ ਜੀ ਕੋ ਕਹਾ ਹਮਾਰੇ ਲੀਏ ਦੁਆ ਕੀਜੀਏ ਹਮਾਰੇ ਪਾਸ ਨਾ ਗੁਣ ਹੈ ਨਾ ਬਲ.... ਤੋ

ਸਤਿਗੁਰੂ ਜੀ ਨੇ ਕਹਾ...ਤੁਮਾਰੇ ਲੀਏ ਦੁਆਓਂ ਕਾ ਸੰਦੂਕ ਭਰਾ ਹੂਆ ਹੈ...

ਅਰ ਮੈ ਸੱਚ ਬੋਲਤਾ ਹੂੰ ਕਿ ਇਸ ਚੀਜ਼ ਨੇ ਮੇਰੇ ਮਨ ਕੋ ਇਤਨਾ ਮਜਬੂਤ ਕੀਆ.....ਕਿਆ ਕਹੂੰ....ਅਮਰੀਕਾ ਵਾਲੇ ਜੈਸੇ ਬੀਸ ਬਰਸ ਸੇ ਆਰਟਿਸਟ ਸੁਨਤੇ ਆ ਰਹੇ ਹੈਂ ਆਜ ਯਹ ਗੁਲਾਮ ਵਹਾਂ ਜਾ ਕੇ ਅਲੱਗ ਟਾਈਪ ਕਾ ਮਿਊਜ਼ਿਕ ਵਾ ਨਾਮ ਦੇ ਕਰ ਆਇਆ ਹੈ..ਯਹ ਸਭ ਸਤਿਗੁਰੂ

ਬਦੌਲਤ ਹੈ......ਇਨਕੀ ਦੁਆ ਕੇ ਜ਼ਰੀਏ ਹੀ ਸਭ ਕੁਛ ਲੀਆ ਹੈ ਅਰ ਪਾਇਆ ਹੈ...?"

ਇਕ ਵਾਰ ਇੰਦੌਰ ਦੇ ਪ੍ਰਸਿੱਧ ਸੰਗੀਤ ਉਸਤਾਦ ਪਵਾਰ-ਬੰਧੂ ਜਲੰਧਰ ਕਿਸੇ ਸੰਗੀਤ ਸਭਾ ਵਿਚ ਸ਼ਮੂਲੀਅਤ ਲਈ ਜਾ ਰਹੇ ਸਨ, ਸ੍ਰੀ ਭੈਣੀ ਸਾਹਿਬ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਫਤ ਸਲਾਹ ਉਨ੍ਹਾਂ ਸੁਣੀ ਹੋਈ ਸੀ, ਲੁਧਿਆਣੇ ਤੋਂ ਸ੍ਰੀ ਭੈਣੀ ਸਾਹਿਬ ਦਾ ਰੁੱਖ ਕੀਤਾ। ਉਸ ਵਕਤ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਹੀ ਦਰਸ਼ਨ ਦੇ ਰਹੇ ਸਨ। ਚਰਨ ਪਰਸੇ ਸੰਗੀਤ ਰਾਹੀਂ ਹਾਜ਼ਰੀ ਲੁਆਣ ਵਾਸਤੇ ਅਰਜ਼ ਕੀਤੀ ਸਤਿਗੁਰੂ ਜੀ ਹੁਕਮ ਕੀਤਾ ਤੁਸੀਂ ਦੂਰੋਂ ਆਏ ਹੋ ਸਾਡੇ ਮਹਿਮਾਨ ਹੋ ਪਹਿਲੋਂ ਜਲ-ਪਾਣੀ ਛਕੋ ਜਰਾ ਅਰਾਮ ਕਰ ਲਓ ਸ਼ਾਮ ਨੂੰ ਸੁਣਾਂਗੇ। ਲੌਢੇ ਵੇਲੇ ਸੰਗੀਤ ਦਾ ਆਯੋਜਨ ਕੀਤਾ ਗਿਆ। ਸਤਿਗੁਰੂ ਜੀ ਹੁਕਮ ਕੀਤਾ ਸੁਣਾਓ, ਪਵਾਰ-ਬੰਧੂਆਂ ਨੇ ਸਾਜ਼ ਸੁਰ ਕੀਤੇ ਅਤੇ ਭੈਣੀ ਸਾਹਿਬ ਦੀ ਫਿਜ਼ਾ ਵਿਚ ਇੰਦੌਰ ਦੇ ਸੰਗੀਤਕਾਰਾਂ ਦਾ ਸੰਗੀਤ ਗੂੰਜਣ ਲੱਗਾ। ਤਕਰੀਬਨ ਢਾਈ ਤਿੰਨ ਘੰਟੇ ਸੰਗੀਤ ਦੀਆਂ ਛਹਿਬਰਾਂ ਲੱਗੀਆਂ, ਸਤਿਗੁਰੂ ਜੀ ਪਵਾਰ-ਬੰਧੂਆਂ ਦਾ ਸੰਗੀਤ ਸੁਣ ਕੇ ਬਹੁਤ ਖੁਸ਼ ਹੋਏ ਅਤੇ ਬਚਨ ਕੀਤਾ ... ਕੱਲ੍ਹ ਦਾ ਕੀ ਪ੍ਰੋਗਰਾਮ ਹੈ ....ਜੀ ਜਲੰਧਰ ਸੰਗੀਤ-ਸਭਾ ਹੈ ਵਹਾਂ ਪ੍ਰੋਗਰਾਮ ਦੇਣਾ ਹੈ....ਅਰ ਕੱਲ ਸ਼ਾਮ ਕੀ ਵਾਪਸੀ ਹੈ......ਸਤਿਗੁਰੂ ਜੀ ਬਚਨ ਕੀਤਾ ਕੱਲ ਸ਼ਾਮ ਸਾਡੇ ਕੋਲ ਰੁਕੋ, ਅੱਜ ਤੁਸਾਂ ਬਹੁਤ ਸੋਹਣਾ ਸੁਣਾਇਆ ਕੱਲ ਫਿਰ ਸੁਣਾਂਗੇ, ਸਤਿਗੁਰਾਂ ਕਿਰਪਾ ਕੀਤੀ ਅਸੀਂ ਵੀ ਕੁਝ ਸੁਣਾਂਵਾਂਗੇ....ਜੀ ਸਤਿਬਚਨ...ਇਹ ਕਹਿ, ਜਾਣ ਵਾਸਤੇ ਆਗਿਆ ਲਈ....

ਆਗਿਆ ਲੈ ਪਵਾਰ-ਬੰਧੂ ਜਲੰਧਰ ਲਈ ਰਵਾਨਾ ਹੋਏ ਅਤੇ ਦੂਸਰੇ ਦਿਨ ਬਾਅਦ ਦੁਪਹਿਰ ਆ ਸ੍ਰੀ ਭੈਣੀ ਸਾਹਿਬ ਹਾਜ਼ਰ ਹੋਏ। ਜਲ-ਪਾਣੀ ਛਕ ਘੜੀ ਅਰਾਮ ਕੀਤਾ ਸ਼ਾਮ ਨੂੰ ਸੰਗੀਤ ਸਭਾ ਦਾ ਆਯੋਜਨ ਕੀਤਾ ਗਿਆ। ਸਤਿਗੁਰੂ ਜੀ ਹੁਕਮ ਕੀਤਾ ਸੁਣਾਓ। ਪਵਾਰ-ਬੰਧੂਆਂ ਦੇ ਸੰਗੀਤ ਦੀ ਰਿੰਮ ਝਿੰਮ ਫੁਹਾਰ ਬਰਸਣ ਲੱਗੀ, ਤਕਰੀਬਨ ਦੋ ਘੰਟੇ ਪਵਾਰ-ਬੰਧੂਆਂ ਨੇ ਆਪਣੀ ਸੰਗੀਤ-ਕਲਾ ਦੇ ਜੌਹਰ ਦਿਖਾਏ ਸਤਿਗੁਰੂ ਜੀ ਦੀਆਂ ਖੁਸ਼ੀਆਂ ਲਈਆਂ। ਸਤਿਗੁਰੂ ਜੀ ਹੁਕਮ ਕੀਤਾ ਹੁਣ ਕੁਝ ਅਸੀਂ ਸੁਣਾਉਂਦੇ ਹਾਂ, ਸਾਜ਼ ਸੁਰ ਕੀਤੇ ਗਏ, ਸਤਿਗੁਰੂ ਜੀ ਗਾਇਨ ਸ਼ੁਰੂ ਕੀਤਾ, ਵੱਖ ਵੱਖ ਰਾਗ, ਰਾਗਨੀਆਂ ਉਨ੍ਹਾਂ ਦੇ ਵੱਖ ਵੱਖ ਤਰ੍ਹਾਂ ਦੇ ਰੂਪ ਸਰੂਪ, ਬੰਦਿਸ਼ਾਂ, ਰੀਤਾਂ।

ਇਕ ਇਲਾਹੀ ਰੰਗ ਬੱਝ ਗਿਆ .....ਜਿਵੇਂ ਸਾਰੀ ਕਾਇਨਾਤ ਹੀ ਸੰਗੀਤ ਰੂਪ ਹੋ ਗਈ ਹੋਵੇ...ਸਤਿਗੁਰੂ ਜੀ, ਸੰਗੀਤ ਜਿਨ੍ਹਾਂ ਦੀ ਰੂਹ ਦੀ ਖੁਰਾਕ ਹੈ, ਖੁਦ ਸੰਗੀਤ ਰੂਪ ਹੋਏ ਹੋਏ, ਸ੍ਰੀ ਭੈਣੀ ਸਾਹਿਬ ਦਾ ਕਣ-ਕਣ ਸੰਗੀਤ ਨਾਲ ਤਾਰੰਗਤ ਹੋਇਆ ਹੋਇਆ, ਸੰਗੀਤ-ਸਭਾ ਵਿਚ ਬੈਠੀਆਂ ਰੂਹਾਂ ਜਿਵੇਂ ਅਨਹਦੀ ਰਾਗਾਂ ਦੇ ਰੰਗ ਵਿਚ ਰੰਗੀਆਂ ਹੋਈਆਂ ....ਅਨੰਦ ਵਿਭੋਰ..... ਇਕ ਅਨੋਖਾ ਜਲੌ....ਹਰ ਰਾਗ, ਹਰ ਬੰਦਿਸ਼, ਹਰ ਰੀਤ ਦੇ ਕੇਵਲ ਸਥਾਈ ਤੇ ਕੇਵਲ ਅੰਤਰੇ ਦਾ ਰੂਪ ਤਿੰਨ ਘੰਟੇ ਬੀਤ ਗਏ। ਸਤਿਗੁਰੂ ਜੀ ਇਕ ਹੀ ਚੌਂਕੜੇ ਵਿਚ ਬਿਰਾਜਮਾਨ.......ਵਰਨੀਆਂ ਵਾਲੇ ਘੜਿਆਲ ਨੇ ਰਾਤ ਦੇ ਬਾਰਾਂ ਵੱਜਣ ਦਾ ਸੁਨੇਹਾ ਦਿੱਤਾ...ਅਨੰਦ ਦੀ ਸਿਖਰ ਸਤਿਗੁਰੂ ਜੀ ਨੇ ਸੇਵਕ ਨੂੰ ਇਸ਼ਾਰਾ ਕੀਤਾ ਸਤਿਗੁਰੂ ਜੀ ਨੇ ਪਵਾਰ ਬੰਧੂਆਂ ਦੇ ਗਲੇ ਇਕ ਸੌ ਅੱਠ ਮਣਕਿਆਂ ਵਾਲੀਆਂ ਸੋਨੇ ਦੀਆਂ ਮਾਲਾਵਾਂ ਪਉਂਦਿਆਂ ਅਸ਼ੀਰਵਾਦ ਦਿੱਤਾ ਤੇ ਹੁਕਮ ਕੀਤਾ, ਇਵੇਂ ਆਉਂਦੇ ਜਾਂਦੇ ਦਰਸ਼ਨ ਦਿੰਦੇ ਰਹਿਣਾ। ਅੱਜ ਸ੍ਰੀ ਭੈਣੀ ਸਾਹਿਬ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸੰਗੀਤ ਦਾ ਉਹ ਮੁਕਾਮ ਹਾਸਲ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਭੈਣੀ ਸਾਹਿਬ, ਨਾਮਧਾਰੀ ਅਤੇ ਸੰਗੀਤ, ਇਹ ਸਾਰੇ ਨਾਮ ਇਕ-ਮਿਕ ਹੀ ਹੋ ਗਏ ਹਨ। ਸ੍ਰੀ ਭੈਣੀ ਸਾਹਿਬ ਸੰਗੀਤ ਦਾ ਉਹ ਘਰਾਣਾ ਹੈ ਜੋ ਅਜਾਤ ਹੈ, ਅਮਜ਼ਹਬ ਹੈ, ਜਿਥੇ ਕੋਈ, ਰੰਗ-ਭੇਦ ਨਹੀਂ, ਲਿੰਗ-ਭੇਦ ਨਹੀਂ ਕੇਵਲ ਤੇ ਕੇਵਲ ਸੰਗੀਤ ਹੀ ਸੰਗੀਤ ਹੈ।

ਤਬਲੇ ਦੇ ਸਮਰਾਟ ਪੰਡਿਤ ਕਿਸ਼ਨ ਮਹਾਰਾਜ ਦਾ ਕਥਨ ਹੈ, "ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਕੇ ਸਮੁੰਦਰ ਹੀ ਨਹੀਂ ਸੰਗੀਤ ਕੇ ਸੰਰਕਸ਼ਕ ਭੀ ਹੈਂ।ਪੱਚੀਸੋਂ ਸੰਗੀਤ ਉਸਤਾਦੋਂ ਕੇ ਪਾਸ ਉਨਹੋਂ ਨੇ ਆਪਨੇ ਬੱਚੇ ਸੰਗੀਤ ਸੀਖਨੇ ਕੇ ਲੀਏ ਭੇਜੇ ਹੈਂ। ਸਤਿਗੁਰੂ ਜੀ ਸਾਰੇ ਸੰਸਾਰ ਕੀ ਸ਼ੋਭਾ ਵਸਤੂ ਗ੍ਰਹਿਣ ਕਰਕੇ ਉਨ ਸਭ ਕੇ ਗੁਣ ਅਪਨੇ ਮੇ ਲੇ ਆਏ ਹੈਂ। ਐਸੇ ਭਾਰਤ ਵਰਸ਼ ਕੇ ਸੰਗੀਤ ਉਸਤਾਦੋਂ ਕੇ ਗੁਣ ਅਰ ਕਲਾ ਕੋ ਸਤਿਗੁਰੂ ਜੀ ਅਪਨੀ ਸੰਸਥਾ ਮੈਂ ਲੇ ਆਏ ਹੈਂ।"

ਅੱਜ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਸੰਗੀਤ ਦੇ ਵਿਭਿੰਨ ਸੁਰ ਸੁਣਾਈ ਦਿੰਦੇ ਹਨ। ਕਿਸੇ ਪਾਸਿਓਂ ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਦੀ ਸਿਤਾਰ ਸੁਣਾਈ ਦਿੰਦੀ ਹੈ, ਦੂਸਰੇ ਪਾਸਿਓਂ ਉਸਤਾਦ ਅਮਜਦ ਅਲੀ ਖਾਂ ਸਾਹਿਬ ਦੀ ਸਰੋਦ ਦੀਆਂ ਟੁਣਕਾਰਾਂ ਸੁਣਦੀਆਂ ਹਨ, ਕਿਸੇ ਕੋਨੇ ਚੋਂ ਦੁਆਪਰ ਦੇ ਅਵਤਾਰ ਕ੍ਰਿਸ਼ਨ ਭਗਵਾਨ ਦਾ ਸਾਜ਼ ਬੰਸਰੀ ਜੋ ਪੰਡਿਤ ਹਰੀ ਪ੍ਰਸਾਦਿ ਰਾਹੀਂ ਸ੍ਰੀ ਭੈਣੀ ਸਾਹਿਬ ਪਹੁੰਚਾ, ਉਸ ਦੀ ਮਧੁਰ ਅਵਾਜ਼ ਤੁਸੀਂ ਸੁਣ ਸਕੋਗੇ, ਪੰਡਿਤ ਰਾਮ ਨਾਰਾਇਣ ਜੀ ਦੀ ਸਾਰੰਗੀ ਦੀ ਸੌ-ਰੰਗੀ ਆਵਾਜ਼ ਤੁਹਾਡੇ ਮਨ ਮਸਤਕ ਨੂੰ ਤਾਰੰਗਿਤ ਕਰੇਗੀ, ਪੰਡਿਤ ਸ਼ਿਵ

ਕੁਮਾਰ ਜੀ ਦਾ ਸੰਤੂਰ ਜਿਸ ਦੀ ਰਿੰਮ-ਝਿੰਮ ਫੁਹਾਰ ਸਤਰੰਗੇ ਰੰਗ ਬਿਖੇਰ ਰਹੀ ਹੈ, ਪੰਡਿਤ ਰਾਜਨ ਸਾਜਨ ਮਿਸ਼ਰਾ ਜੀ ਦਾ ਗਾਇਨ ਤੁਹਾਡੇ ਕੰਨਾਂ 'ਚ ਸੰਗੀਤ ਮਈ ਰਸ ਘੋਲੇਗਾ, ਪੰਡਿਤ ਕਿਸ਼ਨ ਮਹਾਰਾਜ ਜੀ ਦੇ ਤਬਲੇ ਦੇ ਅਨੇਕਾਂ ਰੰਗ ਸ੍ਰੀ ਭੈਣੀ ਸਾਹਿਬ ਦੇ ਵਾਤਾਵਰਨ ਨੂੰ ਸੰਮੋਹਿਤ ਕਰ ਰਹੇ ਹਨ, ਉਸਤਾਦ ਨਿਹਾਲ ਸਿੰਘ ਜੀ ਦੇ ਪਖਾਵਜ ਦੀ ਸਿੰਘ ਗਰਜਨਾ ਬੜੀ ਦੂਰ ਦੂਰ ਤੱਕ ਸੁਣਾਈ ਦੇਂਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ-ਸਾਧਨਾ ਸਬੰਧੀ ਏਨਾ ਕੁਝ ਚੇਤਿਆਂ ਵਿਚ ਸਮੋਇਆ ਹੋਇਆ ਹੈ ਕਿ ਇਕ ਲੇਖ ਵਿਚ ਹੀ ਸਮੋ ਸਕਣਾ ਬਹੁਤ ਮੁਸ਼ਕਲ ਹੈ। ਉਸਤਾਦ ਅਮਜਦ ਅਲੀ ਖਾਂ ਸਾਹਿਬ ਦੇ ਇਸ ਕਥਨ ਨਾਲ ਇਸ ਮਜ਼ਮੂਨ ਨੂੰ ਸੰਕੋਚਦਾ ਹਾਂ,

"ਹਮਾਰੇ ਪਿਤਾ ਜੀ ਹਮੇਸ਼ਾਂ ਕਹਿਤੇ ਥੇ ਕਿ ਸ਼ਾਸਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ ਯਾ ਤੋ ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫਕੀਰ ਹੋ। ਬਾਦਸ਼ਾਹ ਯਾ ਫਕੀਰ ਕੇ ਬੀਚ ਵਾਲੇ ਕਾ ਯਹ ਕਾਮ ਨਹੀਂ ਹੈ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸਤ੍ਰੀ-ਸੰਗੀਤ ਕਿਆ ਹੈ। ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ।"

**ਬਾਜ਼ਾਰ ਦਾ ਭੋਜਨ**
**ਨਾ ਸ਼ੁੱਧ ਹੁੰਦਾ ਹੈ**
**ਨਾ ਮਰਿਯਾਦਾ ਵਿੱਚ**
**ਆਉਂਦਾ ਹੈ ਫਿਰ**
**ਕਿਉਂ ਖਾਧਾ ਜਾਏ?**

**.........ਬਾਕੀ ਸਫੇ 9 ਦੀ (ਇਹ ਨੇ ਸਾਜ)**

ਅੰਬਰ ਦੇ ਉੱਚ-ਨੀਲੇ ਵਰਕੇ
ਅੱਖਰ ਜਗ ਪਏ ਇਕ ਇਕ ਕਰ ਕੇ
ਦੇਖਿਆ ਅਸੀਂ ਉਨ੍ਹਾਂ ਨੂੰ ਪੜ੍ਹ ਕੇ
ਕੀ ਕੀ ਅਰਥ ਉਜਾਗਰ ਹੋਏ
ਤੇਰੀ ਲੋਏ.....

ਉਸ ਪਾਵਨ ਸਾਜ਼ਨਵਾਜ਼ ਦੀ ਯਾਦ ਅੱਗੇ ਸਿਰ ਝੁਕਾਉਂਦਾ ਹਾਂ । ਉਨ੍ਹਾਂ ਨੇ ਇਸ ਪ੍ਰਦੂਸ਼ਣ ਦੇ ਯੁਗ ਸਾਡੀ ਧਰਤੀ ਦੀਆਂ ਹਵਾਵਾਂ ਨੂੰ ਪਾਵਨ ਸੰਗੀਤ ਦਿੱਤਾ, ਕਿੰਨੇ ਗਾਇਕਾਂ ਨੂੰ ਸਰਪ੍ਰਸਤੀ ਪਿਆਰ ਤੇ ਪੁਰਸਕਾਰ ਦਿੱਤੇ। ਕਿੰਨਿਆਂ ਨੂੰ ਕੋਈ ਨਵੀਂ ਬੰਦਿਸ਼, ਨਵਾਂ ਤਾਲ ਦਿੱਤਾ । ਉਨ੍ਹਾਂ ਦੀ ਮੌਜੂਦਗੀ ਵਿਚ ਸੰਗੀਤ ਅਤੇ ਕਵਿਤਾ ਦੇ ਰੁੱਖਾਂ ਨੂੰ ਨਵੀਆਂ ਕਰੂੰਬਲਾਂ ਪੁੰਗਰਦੀਆਂ, ਨਵੀਆਂ ਟਹਿਣੀਆਂ ਫੁੱਟਦੀਆਂ ਸਨ, ਨਵਾਂ ਬੂਰ ਪੈਂਦਾ ਤੇ ਫੁੱਲ ਫਲਦੇ ਸਨ ।

ਦੁਆ ਕਰਦਾ ਹਾਂ ਕਿ ਇਹ ਦਰਬਾਰ ਜੁਗੋ ਜੁਗ ਇਉਂ ਹੀ ਸਜਿਆ ਰਹੇ ਤੇ ਇਸ ਦੇ ਬੂਟੇ ਸਾਜ਼ਾਂ ਵਾਂਗ ਵੱਜਦੇ ਰਹਿਣ ਤੇ ਪੱਤੇ ਸੁਰਾਂ ਵਾਂਗ ਥਿਰਕੇ ਰਹਿਣ :

ਹਰ ਰੁੱਖ ਸਾਜ਼ ਜਿਹਾ ਵੱਜਦਾ ਹੈ।
ਪੱਤਾ ਪੱਤਾ ਸੁਰ ਲੱਗਦਾ ਹੈ ।
ਇਹ ਦਰਬਾਰ ਸਦਾ ਸਜਦਾ ਹੈ।
ਰਿਸ਼ਮਾਂ ਕਿਰਣਾਂ ਬੁਣਨ ਚੰਦੋਏ
ਤੇਰੀ ਲੋਏ

ਬੀਤੇ ਯੁਗ ਤੇ ਲੰਘੀਆਂ ਸਦੀਆਂ
ਭੁੱਲੀਆਂ ਨਾ ਅਪਣੇ ਰਾਹ ਨਦੀਆਂ
ਹਰ ਪਲ ਸ਼ਹੁ ਸਾਗਰ ਵੱਲ ਵਧੀਆਂ
ਕਿੰਨੀ ਵੀ ਰਾਤ ਅੰਧਰੇ ਹੋਏ
ਤੇਰੀ ਲੋ ਏ
ਲਫ਼ਜ਼ ਪਰੋਏ

# ਸਾਡੇ ਸਿੱਖ ਸਮਾਜ ਨੂੰ ਸਾਡੇ ਸਤਿਗੁਰਾਂ ਵੱਲੋਂ ਸੰਗੀਤ ਦੀ ਅਦੁੱਤੀ ਦੇਣ

✍– ਉਸਤਾਦ ਹਰਭਜਨ ਸਿੰਘ

ਸਿੱਖ ਪੰਥ ਉਤੇ ਸਾਡੇ ਸਤਿਗੁਰੂ ਸਾਹਿਬਾਨਾਂ ਦੀ ਅਪਾਰ ਕ੍ਰਿਪਾ ਹੋਈ ਹੈ ਤੇ ਸਾਨੂੰ ਆਤਮਿਕ ਤੌਰ ਤੇ ਉਚਿਆਉਣ ਲਈ ਆਪਣੀ ਬਾਣੀ ਦੀ ਅਮੋਲਕ ਦਾਤ ਦੀ ਬਖਸ਼ਿਸ਼ ਕੀਤੀ ਹੈ। ਸਾਰੀ ਬਾਣੀ ਸਤਿਗੁਰਾਂ ਨੇ ਆਪ ਸਾਰੇ ਰਾਗਾਂ ਵਿੱਚ ਗਾਇਨ ਕਰਕੇ ਉਚਾਰੀ ਹੈ। ਇਹ ਦੁਨੀਆਂ ਦਾ ਪਹਿਲਾ ਅਦੁੱਤੀ ਗ੍ਰੰਥ ਹੈ ਜੋ ਸੰਗੀਤ ਨਾਲ ਓਤ-ਪ੍ਰੋਤ ਹੈ।

ਸਾਡੇ ਆਦਿ ਗੁਰੂ ਸਤਿਗੁਰੂ ਗੁਰੂ ਨਾਨਕ ਦੇਵ ਜੀ ਦਾ ਸੰਗੀਤਕਾਰ ਸਾਥੀ ਭਾਈ ਮਰਦਾਨਾ ਰਬਾਬ ਵਾਦਿਕ ਸੀ। ਜਦੋਂ ਵੀ ਸਤਿਗੁਰੂ ਰੂਹਾਨੀ ਮੰਡਲਾਂ ਵਿਚ ਵਿਚਰਦੇ ਤੇ ਮਸਤੀ ਦੇ ਆਲਿਮ ਵਿਚ ਕਹਿੰਦੇ ਕਿ 'ਮਰਦਾਨਿਆ ਛੇੜ ਰਬਾਬ ਬਾਣੀ ਆਈ ਆ ਤੇ ਗੁਰੂ ਬਾਬਾ ਜਦੋਂ ਰਬਾਬ ਦੀ ਟੁਣਕਾਰ ਨਾਲ ਬਾਣੀ ਉਚਾਰਦਾ ਹੋਇਆ ਰਾਗਾਂ ਵਿਚ ਗਾਉਂਦਾ ਹੋਵੇਗਾ ਤੇ ਕੈਸੇ ਅਨਹਦ ਨਾਦ ਦੀ ਸਿਰਜਣਾ ਹੁੰਦੀ ਹੋਵੇਗੀ। ਜਿਸ ਵਿਚ ਸੁਰੀਲੇ ਸ਼ਬਦਾਂ ਦਾ ਅਗਾਜ਼ ਹੁੰਦਾ ਹੋਵੇਗਾ ਸੁਰਤ ਉਸੇ ਧੁਨ ਨਾਲ ਜੁੜਕੇ ਉਸਦੀ ਚੇਲੀ ਬਣ ਜਾਂਦੀ ਹੋਵੇਗੀ।'

ਸਾਡੇ ਛੇ ਗੁਰੂਆਂ ਨੇ ਬਾਣੀ ਦਾ ਰਾਗਾਂ ਵਿਚ ਉਚਾਰਣ ਕੀਤਾ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦੁਰ ਜੀ। ਪੰਜਵੇਂ ਸਤਿਗੁਰੂ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਸੰਕਲਿਤ ਕਰਕੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੇ ਸੰਪਾਦਨਾ ਕੀਤੀ। ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਦਰਜ ਕੀਤਾ ਗਿਆ। ਦਸਵੇਂ ਪਾਤਸ਼ਾਹ ਜੀ ਦੇ ਰਚੇ ਹੋਏ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਵੀ ਬਹੁਤ ਸਾਰੀ ਬਾਣੀ ਦਾ ਰਾਗਾਂ ਵਿਚ ਹੀ ਉਚਾਰਨ ਹੋਇਆ ਹੈ।

ਭਾਈ ਮਰਦਾਨਾ ਦੇ ਰਬਾਬ ਨਾਲ ਗਾਇਣ ਕਾਰਣ ਹੀ ਰਬਾਬੀ ਪਰੰਪਰਾ ਦੀ ਸ਼ੁਰੂਆਤ ਹੋਈ ਹੈ। ਇਹ ਰਬਾਬੀ ਗੁਰਬਾਣੀ ਗਾਇਕ ਆਦਿ ਗੁਰਾਂ ਤੋਂ ਲੈ ਕੇ 1947 ਦੀ ਭਾਰਤ-ਪਾਕ ਦੀ ਵੰਡ ਤੱਕ ਅੱਲਗ-ਅੱਲਗ ਗੁਰੂ ਧਾਮਾਂ ਵਿਚ ਕੀਰਤਨ ਦਾ ਨਿਰਵਾਹ ਕਰਦੇ ਰਹੇ ਸਨ। ਪਾਕਿਸਤਾਨ ਬਨਣ ਤੋਂ ਬਾਅਦ ਉਹ ਸਭ ਰਬਾਬੀ ਕੀਰਤਨੀਏ ਉਧਰ ਚਲੇ ਗਏ।

ਗੁਰੂ ਅਰਜੁਨ ਦੇਵ ਜੀ ਦੇ ਵੇਲੇ ਤੋਂ ਸਤਿਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਵਿੱਚ ਵੀ ਗੁਰਬਾਣੀ ਕੀਰਤਨ ਦਾ ਪ੍ਰਚਲਨ ਸ਼ੁਰੂ ਹੋ ਗਿਆ ਸੀ। ਕਿਉਂਕਿ ਸਤਿਗੁਰੂ ਜੀ ਦੇ ਉਸ ਵੇਲੇ ਦੇ ਰਬਾਬੀ ਕੀਰਤਨੀਏ ਭਾਈ ਸੱਤੇ ਤੇ ਬੱਲਵੰਡੇ ਨੂੰ ਹੰਕਾਰ ਹੋ ਗਿਆ ਸੀ ਕਿ ਗੁਰੂ ਗੱਦੀ ਤਾਂ ਸਾਡੇ ਕੀਰਤਨ ਕਰਕੇ ਹੀ ਚਲਦੀ ਹੈ। ਸਤਿਗੁਰੂ ਨੇ ਉਹਨਾਂ ਦਾ ਕੀਰਤਨ ਸੁਣਨ ਤੋਂ ਇਨਕਾਰ ਕਰ ਦਿੱਤਾ ਤੇ ਅਪਣੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਹ ਕੀਰਤਨ ਕਰਨ ਇਸ ਨਾਲ ਸਿੱਖਾਂ ਵਿਚ ਗੁਰਬਾਣੀ ਕੀਰਤਨ ਦਾ ਸੰਚਾਰ ਹੋਣ ਲੱਗ ਪਿਆ। ਜਦੋਂ ਉਹਨਾਂ ਰਬਾਬੀ ਭਰਾਵਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਹਨਾਂ ਗੁਰੂ ਜੀ ਕੋਲੋਂ ਅਪਣੀ ਭੁੱਲ ਬਖਸ਼ਾ ਲਈ ਤੇ ਫਿਰ ਉਹ ਗੁਰੂ ਉਸਤਤ 'ਚ ਕੀਰਤਨ ਕਰਨ ਲੱਗ ਪਏ। ਇਹ ਰਬਾਬੀ ਮੁਸਲਮ ਸਮਾਜ ਵਿਚੋਂ ਹੀ ਆਉਂਦੇ ਸਨ ਤੇ ਇਨ੍ਹਾਂ ਕੋਲ ਗੁਰਬਾਣੀ ਕੀਰਤਨ ਪੁਰਾਤਨ ਪਰੰਪਰਾ ਪੜਤਾਲਾਂ, ਧ੍ਰੁਪਦ, ਧਮਾਰ ਆਦਿ ਦਾ ਅਮੋਲਕ ਖਜ਼ਾਨਾ ਸੀ।

ਆਉਣ ਵਾਲੇ ਸਮੇਂ ਨੂੰ ਭਾਂਪਦਿਆਂ ਹੋਇਆਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਸ ਖੂਬਸੂਰਤ ਤੇ ਸੁਰੀਲੀ ਨਿਧੀ ਨੂੰ ਅੱਜ ਤੋਂ 80-90 ਸਾਲ ਪਹਿਲਾਂ ਹੀ ਸੰਭਾਲਣ ਦੇ ਯਤਨ ਆਰੰਭ ਕਰ ਦਿੱਤੇ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਉਸ ਵੇਲੇ ਦੇ ਰਬਾਬੀ ਕੀਰਤਨੀਆਂ ਨੂੰ ਸ੍ਰੀ ਭੈਣੀ ਸਾਹਿਬ ਬੁਲਾ ਕੇ ਆਪਣੇ ਸਾਹਿਬਜ਼ਾਦਿਆਂ ਤੇ ਹੋਰ ਬੱਚਿਆਂ ਨੂੰ ਇਸਦੀ ਸਿਖਲਾਈ ਸ਼ੁਰੂ ਕਰਵਾਈ। ਜਿਨ੍ਹਾਂ ਵਿਚ ਭਾਈ ਤਾਬਾ ਜੀ ਤੇ ਭਾਈ ਨਸੀਰ ਪਖਾਵਜੀ ਪ੍ਰਮੁੱਖ ਸਨ। ਭੈਣੀ ਸਾਹਿਬ ਦੇ ਨੇੜੇ ਦੇ ਪਿੰਡ ਰਾਮਪੁਰ ਦੇ ਵਸਨੀਕ ਉਸਤਾਦ ਊਧੋ ਖਾਂ ਤੇ ਉਹਨਾਂ ਦੇ ਪੁੱਤਰ ਰਹੀਮ ਬਖਸ਼ ਕੋਲੋਂ ਤਲਵੰਡੀ ਘਰਾਣੇ ਦੇ ਧ੍ਰੁਪਦ, ਧਮਾਰ, ਚਤੁਰੰਗ, ਤਰਾਨੇ ਤੇ ਖਿਆਲ ਆਦਿ ਦੀ ਖੂਬਸੂਰਤ ਬੰਦਿਸ਼ਾਂ ਦੀ ਸ਼ਿਖਸ਼ਾ ਦਿਵਾਈ।

ਸਤਿਗੁਰੂ ਪਰਤਾਪ ਸਿੰਘ ਜੀ ਆਪ ਵੀ ਦਿਲਰੁਬਾ ਦੇ ਸਿੱਧ ਹਸਤ ਕਲਾਕਾਰ ਸਨ। ਆਪ ਜੀ ਨੇ ਦਿਲਰੁਬਾ ਦੀ ਸਿੱਖਿਆ ਪਟਿਆਲੇ ਦੇ ਪ੍ਰਸਿੱਧ ਦਿਲਰੁਬਾ ਵਾਦਕ ਉ: ਭਾਈ ਜੀਵਨ ਸਿੰਘ ਉਰਫ ਮਸਤਾਨ ਸਿੰਘ ਜੀ ਤੋਂ ਪ੍ਰਾਪਤ ਕੀਤੀ ਤੇ ਆਪਣੇ ਵੱਡੇ ਸਪੁੱਤਰ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਵੀ ਉਹਨਾਂ ਦਾ ਸ਼ਾਗਿਰਦ ਬਣਾਇਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਿਲਰੁਬਾ ਵਾਦਿਕ ਦੇ ਨਾਲ ਨਾਲ ਬਹੁਤ ਅੱਛੇ ਗਾਇਕ ਵੀ ਸਨ। ਆਪ ਜੀ ਨੂੰ ਧ੍ਰੁਪਦ, ਧਮਾਰ, ਤਰਾਨੇ, ਖਿਆਲ, ਆਦਿ ਦੀਆਂ ਸੈਂਕੜੇ ਬੰਦਿਸ਼ਾਂ ਯਾਦ ਸਨ ਅਤੇ ਆਪ ਜੀ ਨੇ ਪੌਣੀਆਂ, ਸਵਾਈਆਂ

ਮਾਤ੍ਰਵਾਂ ਵਿਚ ਵੀ ਅਨੇਕਾਂ ਬੰਦਿਸ਼ਾਂ ਦੀ ਰਚਨਾ ਕੀਤੀ ਤੇ ਆਪਣੇ ਨਾਮਧਾਰੀ ਬੱਚਿਆਂ ਸ਼ਗਿਰਦਾਂ ਨੂੰ ਵੀ ਇਹ ਸਭ ਚੀਜ਼ਾਂ ਬੜੀ ਰੀਝ ਨਾਲ ਸਿਖਾਈਆਂ ਹਨ। ਸਤਿਗੁਰੂ ਜੀ ਦੇ ਛੋਟੇ ਵੀਰ ਸ੍ਰੀ ਮਹਾਰਾਜ ਬੀਰ ਸਿੰਘ ਜੀ ਵੀ ਬੜੇ ਸੁਰੀਲੇ ਗਾਇਕ ਤੇ ਪਖਾਵਜ ਵਾਦਿਕ ਸਨ। ਪਖਾਵਜ ਆਪ ਜੀ ਨੇ ਭਾਈ ਨਸੀਰ ਜੀ ਤੋਂ ਸਿੱਖੀ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸੰਗੀਤ ਨੂੰ ਅੱਗੇ ਤੋਰਦਿਆਂ ਹੋਇਆਂ ਆਪਣੇ ਸੰਗੀਤਕ ਬੱਚਿਆਂ ਨੂੰ ਹਿੰਦੁਸਤਾਨ ਦੇ ਚੋਟੀ ਦੇ ਕਲਾਕਾਰਾਂ ਕੋਲੋਂ ਸੰਗੀਤ ਸਿੱਖਿਆ ਦਿਵਾਈ ਜਿਸ ਵਿਚ ਗਾਇਣ, ਸਰੋਦ, ਸਾਰੰਗੀ, ਸੰਤੂਰ, ਸਿਤਾਰ, ਬੰਸਰੀ, ਰਬਾਬ, ਸਰੰਦਾ, ਦਿਲਰੁਬਾ, ਤਾਰ ਸ਼ਹਿਨਾਈ, ਤਬਲਾ, ਪਖਾਵਜ ਆਦਿ ਦੀ ਸਿੱਖਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਵੀ ਭੈਣੀ ਸਾਹਿਬ ਵੱਡੇ ਵੱਡੇ ਕਲਾਕਾਰ ਸ਼ਿਰਕਤ ਕਰਦੇ ਰਹੇ, ਜਿਨ੍ਹਾਂ ਵਿਚ ਕਾਦਿਰ ਬਖਸ਼, ਪੰ:ਕ੍ਰਿਸ਼ਨਾ ਰਾਉ, ਪੰ:ਗੋਪਾਲ ਮਿਸ਼ਰ, ਸ੍ਰੀ ਏ ਕਾਨਨ, ਉ: ਸਲਾਮਤ ਖਾਂ ਨਜ਼ਾਕਤ ਖਾਂ (ਆਪਣੇ ਬਚਪਨ ਵਿਚ) ਪੰ: ਸਾਮਤਾ ਪ੍ਰਸ਼ਾਦ ਤੇ ਹੋਰ ਅਨੇਕ ਕਲਾਕਾਰ ਹਾਜ਼ਰੀ ਭਰਦੇ ਰਹੇ ਸਨ।

ਭਾਰਤ ਦੇ ਚੋਟੀ ਦੇ ਸੰਗੀਤਕਾਰਾਂ ’ਚੋਂ ਸਭ ਤੋਂ ਪਹਿਲਾ ਸੰਪਰਕ ਸ੍ਰੀ ਸਤਿਗੁਰੂ ਜੀ ਦਾ ਉ: ਅਮਜਦ ਅਲੀ ਖਾਨ ਸਾਹਿਬ ਨਾਲ ਹੋਇਆ। ਅੱਗੇ ਚੱਲ ਕੇ ਜਿਨ੍ਹਾਂ ਦੀ ਸਲਾਹ ਨਾਲ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਤਿਗੁਰੂ ਪਿਤਾ ਜੀ ਦੀ ਯਾਦ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਯਾਦਗਾਰੀ ਸੰਗੀਤ ਸੰਮੇਲਨਾਂ ਦੀ ਲੜੀ ਸ਼ੁਰੂ ਕੀਤੀ ਜਿਸ ਨਾਲ ਦੇਸ਼ ਭਰ ਦੇ ਸਾਰੇ ਮਹਾਨ ਸੰਗੀਤਕਾਰਾਂ ਨਾਲ ਸਤਿਗੁਰੂ ਜੀ ਦਾ ਸੰਪਰਕ ਸਥਾਪਿਤ ਹੋ ਗਿਆ ਤੇ ਇਸ ਨਾਲ ਨਾਮਧਾਰੀ ਸੰਗੀਤ ਸਿਖਿਆਰਥੀਆਂ ਲਈ ਹੋਰ ਉਚੇਰੀ ਵਿੱਦਿਆ ਦਾ ਮੁੱਢ ਬੱਝ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿੰਨਾ ਸਾਡੇ ਸ਼ਾਸਤਰੀ ਸੰਗੀਤ ਨੂੰ ਪਿਆਰਆ ਪ੍ਰਸਾਰਿਆ ਹੈ ਇਸਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਕੋਈ ਵੱਡੀ ਤੋਂ ਵੱਡੀ ਸੰਸਥਾ ਵੀ ਇਸ ਤਰ੍ਹਾਂ ਨਹੀਂ ਕਰ ਸਕੀ। ਸੰਗੀਤ ਤੇ ਸੰਗੀਤਕਾਰਾਂ ਦਾ ਆਦਰ ਕਿਵੇਂ ਕਰਨਾ ਚਾਹੀਦਾ, ਸਤਿਗੁਰੂ ਜਗਜੀਤ ਸਿੰਘ ਜੀ ਕੋਲੋਂ ਸਿਖਿਆ ਜਾ ਸਕਦਾ ਸੀ। ਸਤਿਗੁਰੂ ਜੀ ਦੀ ਦੇਹ ਢਿੱਲੀ ਹੋਣ ਕਾਰਨ ਸਤਿਗੁਰੂ ਜੀ ਆਪਣੇ ਮੰਜੇ ਤੇ ਹੀ ਅਰਾਮ ਕਰਦੇ ਰਹਿੰਦੇ ਤੇ ਜਦੋਂ ਕੋਈ ਕਲਾਕਾਰ ਦਰਸ਼ਨ ਕਰਨ ਆਉਂਦਾ ਤੇ ਸੰਗੀਤ ਸੁਣਾਉਣਾ ਚਾਹੁੰਦਾ ਤਾਂ ਸਤਿਗੁਰੂ ਜੀ ਉਸ ਵਾਸਤੇ ਉਚੇਚਾ ਆਪਣੇ ਮੰਜੇ ਜਿੰਨ੍ਹਾ ਉੱਚਾ ਤਖਤ ਪੋਸ਼ ਮੰਗਵਾਕੇ ਅਪਣੇ ਬਰਾਬਰ ਬੈਠਾ ਕੇ ਉਸ ਤੋਂ ਗਾਣਾ ਵਜਾਣਾ ਸੁਣਦੇ। ਉਹਨਾਂ ਨੇ ਅਪਣੇ ਪੂਰਵ ਸਤਿਗੁਰੂਆਂ ਦੇ ਹੁਕਮਾਂ ਤੇ ਗੁਰਬਾਣੀ ਅਨੁਸਾਰ ਹੀ ਆਪਣਾ ਸਾਰਾ ਜੀਵਨ ਬਤੀਤ ਕੀਤਾ ਹੈ। ਕਿਉਂਕਿ ਗੁਰਬਾਣੀ ਅਨੁਸਾਰ 'ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ। '

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰਿਕਾਰਡ ਬਚਨਾਂ ਵਿਚ ਅੱਜ ਵੀ ਸੁਣਿਆ ਜਾ ਸਕਦਾ ਹੈ। ਸਤਿਗੁਰੂ ਜੀ ਫਰਮਾਉਂਦੇ ਹਨ ਗੁਰਬਾਣੀ ਪੜ੍ਹਦਿਆਂ ਕੋਈ ਰਾਗ ਜਿਵੇਂ ਸੋਰਠ, ਸ੍ਰੀ ਰਾਗ ਆਉਂਦੇ ਹੈਂ ਅਸੀਂ ਉਹਨਾਂ ਰਾਗਾਂ ਦੇ ਦੋ ਸੁਰ ਵੀ ਲਾ ਸਕਦੇ ਹਾਂ ਜੇ ਨਹੀਂ ਤੇ ਗੁਰੂਆਂ ਦੀ ਬਾਣੀ ਨਾਲ ਜੋ ਰਾਗ ਮਿਲੇ ਹਨ ਉਹ ਰਾਗ ਸਾਨੂੰ ਜ਼ਰੂਰ ਸਿੱਖਣੇ ਚਾਹੀਦੇ ਹਨ।

ਜੇਕਰ ਗੌਰ ਕੀਤਾ ਜਾਵੇ ਤਾਂ ਸਾਡੇ ਨਾਮਧਾਰੀ ਪੰਥ ਵਿਚ ਰਾਗ ਦਾ ਬੀਜਾਰੋਪਣ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਕਰ ਦਿੱਤਾ ਸੀ। ਜਦੋਂ ਪੰਜਾਬ ਵਿੱਚ ਰਾਜਸੀ ਤਾਕਤ ਦੇ ਨਸ਼ੇ ਵਿਚ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਦਰਸਾਈ ਮਰਿਆਦਾ ਭੁਲਾ ਕੇ ਆਪ ਹੁਦਰੀਆਂ ਕਰਕੇ ਆਪਣਾ ਰਾਜ ਭਾਗ ਗੁਆ ਲਿਆ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਸਿੱਖ ਵਿਦਵਾਨ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜ ਕੇ ਉਥੋਂ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਰਹਿਤ ਲਿਖ ਕੇ ਲਿਆਉਣ ਲਈ ਕਿਹਾ। ਉਸਨੂੰ ਇਕ ਸਾਲ ਲੱਗ ਗਿਆ ਲੈ ਕੇ ਆਉਣ ਵਿਚ। 1857 ਈ: ਦੀ ਵਿਸਾਖੀ ਵਾਲੇ ਦਿਨ ਨਾਮਧਾਰੀ ਪੰਥ ਦੀ ਸਥਾਪਨਾ ਹੋਈ ਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਇਸਦਾ ਸ਼ੁਭ ਆਰੰਭ ਕੀਤਾ ਗਿਆ।

ਉਹਨਾਂ ਪੰਜਾਂ ਪਿਆਰਿਆਂ ਵਿਚ ਇਕ ਭਾਈ ਲਾਭ ਸਿੰਘ ਰਾਗੀ ਵੀ ਸੀ। ਨਾਮ ਜਪਣਾ, ਬਾਣੀ ਪੜ੍ਹਨੀ ਸਾਡੇ ਸਿੱਖ ਪੰਥ ਦਾ ਇਕ ਜ਼ਰੂਰੀ ਹਿੱਸਾ ਹੈ ਤੇ ਗੁਰੂ ਕੀ ਮਰਿਆਦਾ ਹੈ। ਸਰੀਰਕ ਬਲ ਦੇ ਨਾਲ ਨਾਲ ਆਤਮਾ ਦਾ ਬਲਵਾਨ ਹੋਣਾ ਵੀ ਜ਼ਰੂਰੀ ਹੈ। ਸਤਿਗੁਰੂ ਨੇ ਸਿੱਖਾਂ ਵਿੱਚ ਮਰਿਆਦਾ ਦਾ ਸੰਚਾਰ ਇਸੇ ਕਰਕੇ ਹੀ ਕੀਤਾ।

ਅੱਜ ਸਾਡੇ ਸਿੱਖ ਪੰਥ ਵਿਚ ਬਹੁਤ ਚੰਗੇ ਤੇ ਸੁਰੀਲੇ ਕੀਰਤਨੀਏ ਹਨ ਪਰ ਬਹੁਤੇ ਅਜ ਸਾਧਾਰਨ ਤਰਜ਼ਾਂ ਗਾ ਕੇ ਜਾਂ ਗਜ਼ਲ ਗਾਇਕਾਂ ਦੀ ਨਕਲ ਕਰਕੇ ਕੀਰਤਨ ਕਰਦੇ ਹਨ ਤੇ ਆਪਣੀ ਪੁਰਾਤਨ ਸੰਗੀਤ ਧਰੋਹਰ ਨੂੰ ਭੁੱਲੀ ਜਾ ਰਹੇ ਹਨ। ਆਪਣੀ ਗੁਰੂ ਦੀ ਦਿੱਤੀ ਵਿਰਾਸਤ ਨੂੰ ਵਿਸਾਰੀ ਬੈਠੇ ਹਨ ਇਹ ਇੱਕ ਮੰਦਭਾਗੀ ਗੱਲ ਹੈ। ਇਸ ਤੇ ਸੋਚਣ ਦੀ ਲੋੜ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਰਮੋਨੀਅਮ ਬਿਲਕੁਲ ਬੰਦ ਕਰਕੇ ਤੰਤੀ ਸਾਜ਼ਾਂ ਨਾਲ ਪੁਰਾਤਨ ਸ਼ੈਲੀ ਵਿੱਚ ਕੀਰਤਨ ਨੂੰ ਉਤਸ਼ਾਹਿਤ ਕੀਤਾ ਹੈ। ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਆਪਣੇ ਪੂਰਵ ਸਤਿਗੁਰਾਂ ਦੀ ਤਰ੍ਹਾਂ ਸੰਗੀਤ ਰੱਖਿਅਕ ਹਨ ਤੇ ਵਧੀਆ ਦਿਲਰੁਬਾ ਵਾਦਿਕ ਤੇ ਸੰਗੀਤ ਮਸੀਹਾ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਹਰ ਸਾਲ ਸੰਗੀਤ ਦਾ ਆਯੋਜਨ ਕਰਦੇ ਹਨ।

# ਸਰਬਪੱਖੀ ਮਾਰਗ-ਦਰਸ਼ਕ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

✍- ਹਰਪਾਲ ਸਿੰਘ ਸੇਵਕ

ਸਿੱਖ ਧਰਮ ਦੇ ਬਾਨੀ ਆਦਿ ਗੁਰੂ ਬਾਬਾ, ਸਤਿਗੁਰੂ ਨਾਨਕ ਦੇਵ ਜੀ ਦੀ ਦਰਸਾਈ ਜੀਵਨ ਜਾਚ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ ਨੂੰ ਦ੍ਰਿੜ ਕਰਾਉਣ ਅਤੇ ਪ੍ਰਚਾਰਨ, ਪ੍ਰਸਾਰਨ ਵਾਲੇ, ਸਾਹਿਬ ਦਸਮੇਸ਼ ਪਾਤਸ਼ਾਹ ਦੇ ਸਾਜੇ ਖਾਲਸੇ ਦੀ ਨਿਆਰੀ ਸ਼ਾਨ, ਪਹਿਚਾਨ ਅਤੇ ਸਵੈਮਾਨ ਨੂੰ ਬੁਲੰਦੀਆਂ ਤੇ ਪੁਚਾਉਣ ਵਾਲੇ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦ੍ਰਿੜਾਈ ਗੁਰਮਤਿ ਰਹਿਤ ਮਰਿਯਾਦਾ ਦੇ ਆਲੰਬਦਾਰ, ਨਾਮ-ਬਾਣੀ ਅਤੇ ਰਾਗ ਨਾਦ ਦੇ ਸਿੱਧ-ਸਾਧਿਕ ਸਤਿਗੁਰੂ ਜਗਜੀਤ ਸਿੰਘ ਜੀ, ਰੂਹਾਨੀਅਤ ਦੇ ਉਹ ਮਹਾਨ ਰਹਿਬਰ ਹੋਏ ਹਨ ਜਿਨਾਂ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਸਮਾਜ ਕਲਿਆਣ ਅਤੇ ਸਰਬਪੱਖੀ ਵਿਕਾਸ ਦੇ ਅਨੇਕਾਂ ਮੀਲ-ਪੱਥਰ ਗੱਡੇ ਹਨ।

ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਕੱਤਕ ਸੁਦੀ ਇਕਾਦਸ਼ੀ, 8 ਮੱਘਰ 1977 ਬ੍ਰਿ: 22 ਨਵੰਬਰ 1920 ਈ: ਦਿਨ ਸੋਮਵਾਰ ਅੰਮ੍ਰਿਤ ਵੇਲੇ ਚਾਰ ਵਜੇ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਹੋਇਆ।

17 ਦਿਸੰਬਰ- ਰਾਮਸਰ 'ਚੋਂ ਇਸ਼ਨਾਨ ਕਰਵਾ ਕੇ ਸਾਹਿਬਜ਼ਾਦੇ ਨੂੰ ਅੰਮ੍ਰਿਤ ਛਕਾਇਆ, ਸੰਤ ਆਲਾ ਸਿੰਘ ਜੀ ਨੇ ਭਜਨ ਦੱਸਿਆ- ਨਾਨੀ ਮਾਤਾ ਰਾਮ ਕੌਰ ਨੇ ਨਾਮ- 'ਜਗਜੀਤ' ਸਿੰਘ ਰੱਖਿਆ। ਆਪ ਜੀ ਦੇ ਬਚਪਨ ਦੇ ਕੌਤਕ ਵੇਖਕੇ ਸੰਗਤ ਵਿੱਚ 'ਬੇਅੰਤ ਜੀ' ਨਾਮ ਪ੍ਰਚਲਿਤ ਹੋਇਆ।

ਬਾਲ ਬੇਅੰਤ ਜੀ ਦੇ ਮਾਤਾ ਦੀ ਗੋਦ ਵਿੱਚ ਪਇਆਂ ਦੇ ਨੂਰੀ ਦਰਸ਼ਨ ਬਾਰੇ ਸਰਦਾਰਨੀ ਬੀਬੀ ਲੀਲਾ ਵੰਤੀ ਜੀ ਲਿਖਦੇ ਹਨ: "ਮੈਂ ਇਸਾਈਆਂ ਦੇ ਸਕੂਲ ਵਿੱਚ ਪੜ੍ਹੀ ਸਾਂ, ਮੈਂ ਮਾਂ ਮਰੀਅਮ ਦੀ ਗੋਦ ਵਿੱਚ ਬਾਲ ਈਸਾ ਮਸੀਹ ਦੀ ਤਸਵੀਰ ਵੇਖੀ ਸੀ, ਮੈਂ ਸੋਚਦੀ ਸਾਂ ਕਿ ਆਖਿਰ ਬਨਾਵਟੀ ਪੇਂਟਿੰਗ ਹੈ- ਕੋਈ ਮਾਂ-ਪੁੱਤਰ ਏਨੇ ਸੁੰਦਰ ਕਿਵੇਂ ਹੋ ਸਕਦੇ ਹਨ, ਪਰ ਮੈਂ ਆਪਣੀਆਂ ਅੱਖਾਂ ਨਾਲ ਜਦੋਂ ਸਫੈਦ ਸੰਗਮਰਮਰ ਦੀ ਅਚਲ ਮੂਰਤੀ ਵਰਗੀ ਸੂਰਤ ਮਾਤਾ ਭੁਪਿੰਦਰ ਕੌਰ ਜੀ ਦੀ ਗੋਦ ਵਿੱਚ ਚੰਦਰਮੁੱਖ ਬਾਲ ਬੇਅੰਤ ਜੀ ਦੇ ਦਰਸ਼ਨ ਕੀਤੇ ਤਾਂ ਵੇਖਦੀ ਹੀ ਰਹਿ ਗਈ ਜਿਵੇਂ ਚੌਦਵੀ ਦਾ ਚੰਨ ਪੂਰੇ ਜੋਬਨ ਤੇ ਹੋਵੇ, ਉਹੀ ਮਾਂ ਮਰੀਅਮ ਅਤੇ ਬਾਲ ਈਸਾ ਦੀ ਮੂਰਤੀ, ਜਿਸਨੂੰ ਮੈਂ ਬਨਾਵਟੀ ਕਹਿੰਦੀ ਸਾਂ, ਸਾਖਿਆਤ ਹੋ ਗਈ, ਮੈਂ ਕਿੰਨਾਂ ਚਿਰ ਇਸ ਜੀਵੰਤ-ਮੂਰਤ ਨੂੰ ਵੇਖਦੀ ਵਿਸਮਾਦ ਅਵਸਥਾ ਵਿੱਚ ਪਹੁੰਚ ਗਈ।" ਪਰ ਬੇਅੰਤ ਜੀ ਨੂੰ ਮਾਤਾ ਦੀ ਗੋਦ ਦਾ ਨਿੱਘ ਬਹੁਤਾ ਸਮਾਂ ਨਾ ਮਿਲ ਸਕਿਆ।

2 ਕੱਤਕ 1980 ਬ੍ਰਿ: (1923 ਈ:) ਆਪ ਦੇ ਛੋਟੇ ਭਰਾਤਾ ਬੱਲੋ ਜੀ (ਮਹਾਰਾਜ ਬੀਰ ਸਿੰਘ ਜੀ) ਦਾ ਜਨਮ ਹੋਇਆ। -ਛੋਟੇ ਸਾਹਿਬਜ਼ਾਦੇ ਦੇ ਜਨਮ ਉਪਰੰਤ ਮਾਤਾ ਜੀ ਬਿਮਾਰ ਰਹਿਣ ਲੱਗੇ, ਤਬਦਿਕ ਦੀ ਤਕਲੀਫ ਵਧਦੀ ਗਈ ਅਤੇ ਅਖੀਰ 29 ਭਾਦਰੋਂ 1981 ਬ੍ਰਿ: (1924 ਈ:) ਮਾਤਾ ਭੁਪਿੰਦਰ ਕੌਰ ਜੀ ਜੋਤੀ ਜੋਤ ਸਮਾ ਗਏ। -ਗੁਰੂ, ਪਿਤਾ ਅਤੇ ਮਾਤ੍ਰਾ ਤਿੰਨੇ ਜ਼ਿੰਮੇਵਾਰੀਆਂ ਅਟੱਲ ਪ੍ਰਤਾਪੀ ਜੀ ਨੇ ਆਪ ਨਿਭਾਈਆਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਤਖਤੀ ਤੇ ਪੈਂਤੀ ਲ਼ਿਖ ਕੇ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਈ। ਸਾਢੇ ਚਾਰ ਸਾਲ ਦੀ ਅਵਸਥਾ ਵਿੱਚ ਸਾਹਿਬਜ਼ਾਦਾ ਬੇਅੰਤ ਜੀ ਨੂੰ ਰਾਗ-ਨਾਦ ਦੀ ਦਾਤ ਬਖ਼ਸ਼ਣ ਲਈ ਉਸਤਾਦ ਹਰਨਾਮ ਸਿੰਘ ਜੀ ਪਾਸੋਂ ਸੰਗੀਤ-ਸਿੱਖਿਆ ਆਰੰਭ ਕਰਵਾਈ। ਉਸ ਸਮੇਂ ਅੰਗਰੇਜ਼ ਰਾਜ ਹੋਣ ਕਰਕੇ ਨਾਮਧਾਰੀ ਸਮਾਜ ਵੱਲੋਂ ਵਿਦੇਸ਼ੀ ਸਿੱਖਿਆ ਪ੍ਰਣਾਲੀ ਦਾ ਬਾਈਕਾਟ ਸੀ, ਇਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਨ 1927-28 ਈ: ਵਿੱਚ ਗੁਰਮਤਿ ਵਿਦਿਆਲਾ ਸਥਾਪਿਤ ਕੀਤਾ। ਇਸ ਰਿਸ਼ੀ ਆਸ਼ਰਮਾਂ ਵਰਗੇ ਗੁਰੂ ਕੁਲ ਵਿੱਚ ਦੋਵੇਂ ਸਾਹਿਬਜ਼ਾਦੇ ਬੇਅੰਤ ਜੀ ਅਤੇ ਬੱਲੋ ਜੀ ਆਪਣੇ ਸਾਥੀਆਂ ਨਾਲ ਦੀਨੀ ਅਤੇ ਦੁਨਿਆਵੀ ਵਿੱਦਿਆ ਗ੍ਰਹਿਣ ਕਰਦੇ। ਬਹੁ-ਭਾਸ਼ਾਈ ਗਿਆਨ ਦੇ ਨਾਲ-ਨਾਲ ਅਧਿਆਤਮ ਸਾਹਿਤ, ਗੁਰਬਾਣੀ, ਸੰਗੀਤ, ਤਕਨੀਕੀ ਸਿੱਖਿਆ ਅਤੇ ਖੇਡਾਂ ਦਾ ਅਭਿਆਸ ਵੀ ਕਰਵਾਇਆ ਜਾਂਦਾ।

ਵਿੱਦਿਆ-ਗ੍ਰਹਿਣ ਕਰਦਿਆਂ ਸੰਗੀਆਂ-ਸਾਥੀਆਂ ਨਾਲ ਹੱਸਦਿਆਂ-ਖੇਡਦਿਆਂ ਅਤੇ ਆਪਣੇ ਜ਼ਿੰਮੇ ਲੱਗੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਵੀ ਸਾਹਿਬਜ਼ਾਦਾ ਬੇਅੰਤ ਜੀ ਨਾਮ-ਬਾਣੀ ਦੇ ਨਿਤਨੇਮ ਵਿੱਚ ਕਦੇ ਵੀ ਵਿਘਨ ਨਾ ਪੈਣ ਦੇਂਦੇ ਆਪ ਦੇ ਮੁੱਖ ਮੰਡਲ ਤੇ ਕੋਈ ਨੂਰੀ- ਪ੍ਰਕਾਸ਼ ਸੀ ਮਾਸੂਮੀਅਤ, ਸਾਦਗੀ ਅਤੇ ਗੰਭੀਰਤਾ ਦਾ ਦੈਵੀ ਸੁਮੇਲ ਸੀ ਆਪ ਦਾ ਮੁੱਖ ਮਸਤਕ, ਨਾਮ-ਰੱਤੇ ਨੇਤ੍ਰਾਂ ਵਿੱਚ ਕੋਈ ਮਿਕਨਾਤੀਸੀ ਕਸ਼ਿਸ਼ ਸੀ ਕਿ ਹਰ ਕੋਈ ਦਰਸ਼ਨ ਕਰਕੇ

ਮੋਹਿਆ ਜਾਂਦਾ।

ਸ਼ਾਸਤ੍ਰੀ ਸੰਗੀਤ ਦੀ ਉਚੇਰੀ ਸਿੱਖਿਆ ਗ੍ਰਹਿਣ ਕਰਨ ਵਾਸਤੇ ਅਟੱਲ ਪ੍ਰਤਾਪੀ ਸਤਿਗੁਰੂ ਜੀ ਨੇ ਉਸ ਸਮੇਂ ਦੇ ਪ੍ਰਸਿੱਧ ਰਾਗੀ, ਰਬਾਬੀ ਅਤੇ ਪ੍ਰਸਿੱਧ ਸੰਗੀਤਾਚਾਰਯ ਗੁਣੀਜਨਾਂ ਨੂੰ ਇਸ ਵਿਦਿਆਲੇ ਵਿੱਚ ਸੰਗੀਤ-ਸਿੱਖਿਆ ਦੇਣ ਲਈ ਲਿਆਂਦਾ। ਭਾਈ ਹਰਨਾਮ ਸਿੰਘ ਜੀ ਤੋਂ ਬਾਅਦ ਆਪ ਦੇ ਸੰਗੀਤ ਉਸਤਾਦਾਂ ਵਿੱਚ ਸ੍ਰੀ ਰਹੀਮ ਬਖ਼ਸ਼ ਜੀ, ਸ੍ਰੀ ਉਧੋ ਖਾਂ ਜੀ, ਦਿਲਰੁਬਾ ਦੇ ਉਸਤਾਦ ਭਾਈ ਮਸਤਾਨ ਸਿੰਘ ਜੀ, ਪੁਰਾਤਨ ਗੁਰਮਤਿ ਰੀਤਾਂ ਦੇ ਮਹਾਂ ਗਿਆਤਾ ਭਾਈ ਤਾਬਾ ਜੀ ਰਬਾਬੀ ਅਤੇ ਪਖਾਵਜੀ ਭਾਈ ਨਸੀਰ ਜੀ ਹਨ।

ਸਾਹਿਬਜ਼ਾਦਾ ਬੇਅੰਤ ਜੀ ਹਰ ਖੇਤਰ ਵਿੱਚ ਮੋਹਰੀ ਸਨ- ਵਿਦਿਆਲੇ ਵਿੱਚ ਵਿਦਿਆ ਗ੍ਰਹਿਣ ਕਰਨ ਦੇ ਦਿਨਾਂ ਵਿੱਚ ਹੀ ਘੁਲਣਾ, ਖੇਡਣਾ, ਘੋੜ ਸਵਾਰੀ, ਤੈਰਨਾ, ਗਊਆਂ ਅਤੇ ਘੋੜਿਆਂ ਦੀ ਸਾਂਭ-ਸੰਭਾਲ ਅਤੇ ਪ੍ਰਬੰਧਕੀ ਕਾਰਜਾਂ ਵਿੱਚ ਆਪ ਜੀ ਪਾਰੰਗਤ ਹੋ ਗਏ। 24 ਸਾਲ ਦੀ ਉਮਰ ਵਿੱਚ 21 ਮਾਰਚ 1944 ਪਿੰਡ ਮੁਠੱਡੇ ਕਲਾਂ ਵਿਖੇ ਆਪਜੀ ਦਾ ਅਨੰਦ ਕਾਰਜ ਬੀਬੀ ਰਜਿੰਦਰ ਕੌਰ ਜੀ ਨਾਲ ਹੋਇਆ, ਪਰ ਭਾਣਾ ਪਰਮੇਸਰ ਦਾ, ਸੰਨ 1945 ਅਗਸਤ ਵਿੱਚ ਬੀਬੀ ਰਜਿੰਦਰ ਕੌਰ ਜੀ ਕੁਝ ਦਿਨ ਬਿਮਾਰ ਰਹਿਣ ਉਪਰੰਤ ਪੂਰੇ ਹੋ ਗਏ-ਫੇਰ ਜਨਵਰੀ 1945 ਨੂੰ ਆਪ ਜੀ ਦਾ ਦੂਸਰਾ ਅਨੰਦ ਬੀਬੀ ਕਰਤਾਰ ਕੋਰ ਨਾਲ ਹੋਇਆ, ਅਨੰਦ ਉਪਰੰਤ ਨਾਮ ਚੰਦ ਕੌਰ ਰੱਖਿਆ ਜੋ ਮਾਤਾ ਚੰਦ ਕੌਰ ਜੀ ਕਹਿ ਕੇ ਸਤਿਕਾਰੇ ਜਾਂਦੇ ਹਨ।

ਪਿਤਾ ਸਤਿਗੁਰੂ ਜੀ ਦੇ ਹੁਕਮ ਦੀ ਕਾਰ ਵਿੱਚ ਆਪ ਜੀ ਮੇਲਿਆਂ ਦਾ ਪ੍ਰਬੰਧ ਕਰਦੇ, ਖੇਤੀ ਅਤੇ ਬਾਗਬਾਨੀ ਨੂੰ ਵਿਗਿਆਨਕ ਢੰਗ ਨਾਲ ਕਰਨ ਦਾ ਯਤਨ ਕਰਦੇ, ਸੰਗਤ ਦੀ ਹੱਥੀਂ ਸੇਵਾ ਕਰਦੇ, ਹੁਕਮ ਅਨੁਸਾਰ ਪ੍ਰਚਾਰ ਦੌਰੇ ਵੀ ਕਰਦੇ, ਪੰਥਕ ਕੰਮਾਂ ਲਈ ਸਰਕਾਰੇ-ਦਰਬਾਰੇ ਜਾਂਦੇ ਪਰ ਸਾਰੇ ਅਖਤਿਆਰ ਹੁੰਦਿਆਂ ਹੋਇਆਂ ਵੀ ਕਦੇ ਗੁਰੂ-ਪੁੱਤਰ ਹੋਣ ਦਾ ਵਿਸ਼ੇਸ਼ ਅਧਿਕਾਰ ਕਦੇ ਨਾ ਜਤਾਉਂਦੇ। ਖਿਮਾਂ, ਨਿਮਰਤਾ, ਹਲੀਮੀ ਅਤੇ ਬੰਦਗੀ ਹੀ ਆਪ ਦਾ ਸਹਿਜ ਜੀਵਨ ਸੀ। ਆਜ਼ਾਦੀ ਸੰਘਰਸ਼ ਦੌਰਾਨ ਆਪ ਜੀ ਜਲਸੇ-ਜਲੂਸਾਂ ਦਾ ਪ੍ਰਬੰਧ ਕਰਦੇ ਅਤੇ ਦੇਸ਼ ਭਗਤਾਂ ਨੂੰ ਹਰ ਤਰ੍ਹਾਂ ਸਹਿਯੋਗ ਦੇਂਦੇ, ਮੋਢੇ ਨਾਲ ਮੋਢਾ ਜੋੜ ਕੇ ਚੱਲਦੇ।

ਦੇਸ਼ ਦੀ ਵੰਡ ਵੇਲੇ ਪੱਛਮੀਂ ਪੰਜਾਬ 'ਚੋਂ ਸਿੱਖਾਂ ਨੂੰ ਕੱਢਣ ਅਤੇ ਇਲਾਕਾ ਜੀਵਨ ਨਗਰ ਵਿੱਚ ਵਸਾਉਣ ਵੇਲੇ ਆਪਜੀ ਨੇ ਗੁਰੂ-ਪਿਤਾ ਦੇ ਹੁਕਮ ਵਿੱਚ ਦਿਨ ਰਾਤ ਇੱਕ ਕਰਕੇ ਉਜੜਿਆਂ ਨੂੰ ਵਸਾਉਣ ਦੀ ਜ਼ਿੰਮੇਵਾਰੀ ਬਾ-ਖੂਬੀ ਨਿਭਾਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਆਪ ਜੀ ਦੀ ਏਨੀ ਇਕਸੁਰਤਾ ਸੀ ਕਿ ਆਪਜੀ ਹਮੇਸ਼ਾਂ ਹਰ ਗੁਰੂ ਹੁਕਮ ਨੂੰ ਮੂਰਤੀ ਮਾਨ ਕਰਨ ਕਈ ਤਤਪਰ ਰਹਿੰਦੇ, ਏਸੇ ਲਈ ਇੱਕ ਵੇਰ ਪਿਤਾ-ਸਤਿਗੁਰੂ ਨੇ ਆਪਣੇ ਸਾਹਿਬਜ਼ਾਦੇ ਬੇਅੰਤ ਜੀ ਨੂੰ ਬੜੀ ਅਪਣੱਤ ਨਾਲ ਕਿਹਾ ਸੀ: "ਕਾਕਾ ਤੂੰ ਮੇਰਾ ਪੁੱਤਰ ਵੀ ਹੈਂ ਤੇ ਮੇਰਾ ਯਾਰ ਵੀ।"

ਸਾਹਿਬਜ਼ਾਦਾ ਬੇਅੰਤ ਜੀ ਜਵਾਨ ਹੋ ਗਏ। ਸੰਗਤ ਆਪਜੀ ਨੂੰ ਵੱਡੇ ਬਾਬਾ ਜੀ ਅਤੇ ਛੋਟੇ ਸਾਹਿਬਜ਼ਾਦੇ ਬੱਲ੍ਹੋ ਜੀ ਨੂੰ ਛੋਟੇ ਬਾਬਾ ਜੀ ਕਹਿ ਕੇ ਸਤਿਕਾਰਦੀ। ਪਿਤਾ ਸਤਿਗੁਰੂ ਜੀ ਆਪ ਦੋਵਾਂ ਨੂੰ ਛੋਟਾ ਕਾਕਾ ਅਤੇ ਵੱਡਾ ਕਾਕਾ ਕਹਿ ਕੇ ਪਿਆਰਦੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਦੋਵੇਂ ਸਾਹਿਬਜ਼ਾਦਿਆਂ ਅਤੇ ਸੰਤ ਕਰਤਾਰ ਸਿੰਘ ਜੀ ਨੂੰ ਦੋ ਮਹੀਨੇ ਆਪ ਸੰਥਾ ਦੇ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਵਾਇਆ। ਆਪਜੀ ਰਾਤ ਨੂੰ ਸਾਰਿਆਂ ਤੋਂ ਚੋਰੀ ਬਾਹਰ ਜੀਵਨ ਨਗਰ ਸਰੋਵਰ ਕੰਢੇ ਇੱਕ ਲੱਕੜ ਤੇ ਬੈਠ ਕੇ ਸਮਾਧੀ ਲੀਨ ਹੁੰਦੇ, ਨਾਮ ਅਭਿਆਸ ਕਰਦੇ।

ਵੱਡੇ ਬਾਬਾ ਜੀ ਨਾਮ, ਬਾਣੀ, ਸੰਗੀਤ ਨਾਲ ਇਕਸੁਰ ਹੋਏ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਬਣ ਗਏ। ਇਸ ਦੇ ਨਾਲ-ਨਾਲ ਆਪਜੀ ਦੁਨੀਆਂਦਾਰੀ ਵਿੱਚ ਸਫ਼ਲ ਨੀਤੀਵੇਤਾ ਅਤੇ ਕੁਸ਼ਲ-ਪ੍ਰਬੰਧਕ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਆਖਰੀ ਵਰ੍ਹੇ ਬੜੇ ਵਿਕਟ ਪ੍ਰਸਥਿਤੀਆਂ ਦੇ ਸਨ। ਕੁਝ ਸਵਾਰਥੀ ਲੋਕ ਅਤੇ ਸੰਕੀਰਨ ਸੋਚ ਵਾਲੇ ਰਾਜਨੇਤਾ ਇਲਾਕਾ ਜੀਵਨ ਨਗਰ ਵਿੱਚ ਇਕੱਠੇ ਵਸਦੇ ਨਾਮਧਾਰੀਆਂ ਨੂੰ ਉਜਾੜਨਾ ਚਾਹੁੰਦੇ ਸਨ, ਉਹ ਸਤਿਗੁਰੂ ਜੀ ਵੱਲੋਂ ਕੀਤੀ ਜਮੀਨ ਦੀ ਵੰਡ ਉਧੇੜਨ ਦੀ ਕੋਸ਼ਿਸ਼ ਵਿੱਚ ਸਨ, ਅਦਾਲਤਾਂ ਵਿੱਚ ਸਤਿਗੁਰੂ ਜੀ ਵਿਰੁੱਧ ਕਈ ਝੂਠੇ ਮੁਕਦਮੇਂ ਕੀਤੇ ਗਏ, ਏਸੇ ਦੌਰਾਨ ਸਤਿਗੁਰੂ ਪਰਤਾਪ ਸਿੰਘ ਜੀ ਦੀ ਸਿਹਤ ਵੀ ਢਿੱਲੀ ਰਹਿੰਦੀ- ਇੱਕ ਵੇਰ ਦਿੱਲੀਓਂ ਕਾਰ ਵਿੱਚ ਆਉਂਦਿਆਂ ਸ੍ਰ.ਕੇਹਰ ਸਿੰਘ ਮਾਨ ਨੇ ਚਿੰਤਾ ਪਰਗਟ ਕਰਦਿਆਂ ਅਰਜ਼ ਕੀਤੀ: "ਸੱਚੇ ਪਾਤਸ਼ਾਹ ਐਸ ਵੇਲੇ ਪੰਥ ਬੜੇ ਸੰਕਟ ਵਿੱਚ ਹੈ, ਆਪਜੀ ਦੀ ਸਿਹਤ ਢਿੱਲੀ ਰਹਿੰਦੀ ਹੈ, ਏਸ ਗੱਲ ਦੀ ਸਾਨੂੰ ਬਹੁਤ ਚਿੰਤਾ ਹੈ।" ਸਤਿਗੁਰੂ ਜੀ ਨੇ ਤਸੱਲੀ ਪ੍ਰਗਟਾਉਂਦਿਆਂ ਬਚਨ ਕੀਤਾ "ਪਰ ਮੈਨੂੰ ਕੋਈ ਚਿੰਤਾ ਨਹੀਂ, ਵੱਡਾ ਕਾਕਾ (ਸਤਿਗੁਰੂ ਜਗਜੀਤ

ਸਿੰਘ ਜੀ) ਪੰਥ ਦੀ ਸੰਭਾਲ ਜੋਗ ਸਮਰੱਥ ਹੈ।" ਅਜੇਹੇ ਸੰਕਟਮਈ ਸਮੇਂ ਵਿੱਚ 5 ਭਾਦਰੋਂ, 22 ਅਗਸਤ 1959 ਈ: ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ। ਵੱਡੇ ਬਾਬਾ ਜੀ ਨੇ ਸਤਿਗੁਰੂ ਰੂਪ ਵਿੱਚ ਨਾਮਧਾਰੀ ਪੰਥ ਦੀ ਵਾਗ-ਡੋਰ ਸੰਭਾਲੀ। 10 ਸਤੰਬਰ 1959 ਈ: ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭੋਗ ਅਤੇ ਸਰਧਾਂਜਲੀ ਸਮਾਰੋਹ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸੀਸ ਤੇ ਪੰਥਕ ਜ਼ਿੰਮੇਵਾਰੀ ਦੀ ਦਸਤਾਰ ਸਜਾਈ। ਸਾਰੇ ਧਰਮਾਂ ਅਤੇ ਸੰਪਰਦਾਵਾਂ ਦੇ ਮੁਖੀ ਇਸ ਇਤਿਹਾਸਿਕ ਸਮਾਗਮ ਵਿੱਚ ਸ਼ਾਮਿਲ ਹੋਏ। ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਕਵੀ ਪ੍ਰੀਤਮ ਸਿੰਘ ਜੀ ਦੀਆਂ ਦੋ ਰੁਬਾਈਆਂ ਸਮੁੱਚੇ ਸਮੇਂ ਅਤੇ ਸਮਾਗਮ ਦੀ ਪਰਕਰਮਾਂ ਕਰਦੀਆਂ ਹਨ-

ਵੰਨ ਸੁਵੰਨੇ ਬਾਗ ਤੇਰੇ ਦੇ ਬੂਟੇ ਕੱਠੇ ਹੋਏ,
ਪਿਆਰ ਤੇਰੇ ਦੀਆਂ ਕਰ ਕਰ ਗੱਲਾਂ,
ਕੁਝ ਬੁਸਕੇ, ਕੁਝ ਰੋਏ,
ਮਾਲੀ ਤੇ ਥਾਂ ਬੈਠੇ ਨੇ ਯਤਨ ਸੁਚੱਜੇ ਕੀਤੇ,
ਪੁਸ਼ਪ ਸੁਰੰਗੇ ਹਾਰ ਪਰੋਏ, ਭੇਟਾ ਕੀਤੇ, ਢੋਏ॥

ਦੂਸਰੀ ਰੁਬਾਈ ਵਿੱਚ 'ਆਦਿ ਅੰਤਿ ਏਕੈ ਅਵਤਾਰਾ' ਗੁਰਵਾਕ ਦੀ ਵਿਆਖਿਆ ਕਰਦਿਆਂ ਅਟੱਲ ਪ੍ਰਤਾਪੀ ਸਤਿਗੁਰੂ ਜੀ ਦਾ ਸ਼ੁਕਰ ਅਦਾ ਕੀਤਾ ਹੈ ਕਿ ਜੋ ਆਪ ਜੀ ਨੇ ਸਾਨੂੰ ਬੇ-ਆਸਰੇ ਨਹੀਂ ਹੋਣ ਦਿੱਤਾ, ਆਪਣਾ ਹੀ ਨਿੱਜ-ਸਰੂਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿੱਚ ਪੰਥ ਦੀ ਸੰਭਾਲ ਜੋਗ ਬਖਸ਼ਿਆ-

ਵੰਨ ਸੁਵੰਨੇ ਰੂਪ ਧਾਰਦਾ, ਜੁਗ-ਜੁਗਾਂਤਰੋਂ ਆਇਆ,
ਦਇਆ ਧਰਮ ਦੀਆਂ ਕਿਰਨਾਂ ਸੁੱਟ-ਸੁੱਟ,
ਇਸ ਜੱਗ ਨੂੰ ਰੁਸ਼ਨਾਇਆ
ਸਦਕੇ ਉਸਦੇ ਪਿਆਰ ਦੇ, ਸਾਨੂੰ ਲਾਵਾਰਸ ਨਹੀਂ ਕੀਤਾ,
ਦੇ ਸਤਿਗੁਰ ਜਗਜੀਤ ਪਿਆਰਾ,
ਉਸ ਵਿੱਚ ਆਪ ਛੁਪਾਇਆ॥

ਆਪਜੀ ਨੇ 39 ਵਰ੍ਹੇ ਬੇਅੰਤ ਜੀ ਅਤੇ ਵੱਡੇ ਬਾਬਾ ਜੀ ਦੇ ਰੂਪ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਰ ਆਗਿਆ ਦਾ ਪਾਲਨ ਕਰਦਿਆਂ ਇੱਕ ਸਨਮੁੱਖ ਸਿੱਖ ਵਾਂਗ ਬਿਤਾਏ, ਭਾਈ ਲਹਿਣਾ ਜੀ ਵਾਂਗ ਆਪ ਗੁਰੂ ਚਰਨਾਂ ਵਿੱਚ ਪ੍ਰਵਾਨ ਪੂਰਨ ਗੁਰ-ਸਿੱਖ ਹੋਏ ਅਤੇ ਫੇਰ ਗੁਰੂ ਦਾ ਹੀ ਅੰਗ, ਗੁਰੂ ਦਾ ਰੂਪ, ਸਮਰੱਥ ਅਧਿਆਤਮ-ਗੁਰੂ ਬਣੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਥਕ ਜ਼ਿੰਮੇਵਾਰੀ ਸੰਭਾਲਨ ਉਪਰੰਤ ਪਹਿਲਾ ਹੋਲਾ-ਮਹੱਲਾ ਚੱਕ 58 ਆਰ.ਬੀ, ਰਾਜਸਥਾਨ ਵਿਖੇ ਕੀਤਾ-ਹੋਲੇ ਮਹੱਲੇ ਦੇ ਦਿਨਾਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਪੁਰਬ ਚੇਤਰ ਵਦੀ ਤੀਜ ਸ਼ਾਮਿਲ ਕਰਕੇ ਇਸ ਪੁਰਬ ਨੂੰ ਤ੍ਰਿਵੇਣੀ-ਪੁਰਬ ਬਣਾ ਦਿੱਤਾ। ਆਪਜੀ ਨੇ ਆਪਣੇ ਗੁਰਤਾ ਕਾਲ ਦੇ 53 ਵਰ੍ਹਿਆਂ ਵਿੱਚ ਦੇਸ਼ ਭਰ ਵਿੱਚ ਅਤੇ ਥਾਈਲੈਂਡ, ਇੰਗਲੈਂਡ ਅਤੇ ਤਨਜਾਨੀਆਂ ਆਦਿ ਵਿਦੇਸ਼ਾਂ ਵਿੱਚ ਵੀ ਹੋਲੇ ਮਹੱਲੇ ਦੇ ਮੇਲੇ ਕੀਤੇ।

'ਜਿਸ ਦੈ ਅੰਦਰਿ ਸਚੁ ਹੈ,
ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ,
ਹੋਰਨਾ ਨੋ ਹਰਿ ਮਾਰਗਿ ਪਾਏ॥

ਗੁਰਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨਾਮ ਜਪਿਆ, ਧਰਮ ਦੇ ਮਾਰਗ ਤੇ ਚੱਲੇ ਅਤੇ ਲੋਕਾਈ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਇਆ। ਆਪ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਉਪਰੰਤ ਪਹਿਲਾ ਵੱਡਾ ਕਾਰਜ ਕੀਤਾ ਜੋ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਖਰੀ ਦਿਨਾਂ ਵਿੱਚ ਆਪਜੀ ਨੂੰ ਹੁਕਮ ਕੀਤਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਆਰੰਭੇ ਸਵਾ ਲੱਖ (ਸ੍ਰੀ ਆਦਿ ਗ੍ਰੰਥ ਸਾਹਿਬ ਦੇ) ਪਾਠ ਸੰਪੂਰਨ ਕਰਨੇ ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ। ਸਤੰਬਰ 1961 ਈ: ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਸਮੇਂ ਵਿੱਚ ਪਹਿਲੀ ਵੇਰ 1974 ਈ: ਵਿੱਚ ਅੱਸੂ ਦੇ ਮੇਲੇ ਸਮੇਂ ਸੰਤ ਨਗਰ ਵਿਖੇ ਅਤੇ ਤੀਸਰੀ ਵੇਰ 1997 ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਸਮੇਂ ਸਵਾ ਲੱਖ ਪਾਠਾਂ ਦੇ ਭੋਗ ਪਵਾਏ ਅਤੇ ਚੌਥੀ ਵੇਰ ਆਰੰਭ ਕੀਤੇ ਸਵਾ ਲੱਖ ਪਾਠਾਂ ਦੀ ਲੜੀ ਚੱਲ ਰਹੀ ਹੈ। ਇਸ ਤੋਂ ਬਿਨਾਂ ਆਪਜੀ ਦੇ ਸਮੇਂ ਵਿੱਚ ਹਜ਼ਾਰਾਂ ਅਖੰਡ ਪਾਠ ਵੀ ਹੋਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ 53 ਵਰ੍ਹਿਆਂ ਵਿੱਚ 54 ਸਲਾਨਾ ਨਾਮ-ਸਿਮਰਨ ਜਪ ਪ੍ਰਯੋਗ ਹੋਏ। ਆਪਜੀ ਨੇ 1986-87 ਈ: ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਲਗਾਤਾਰ ਸਾਲ ਭਰ ਨਾਮ-ਸਿਮਰਨ ਜਪ ਪ੍ਰਯੋਗ ਕਰਕੇ ਅਖੰਡ ਨਾਮ ਸਿਮਰਨ ਜਪ ਪ੍ਰਯੋਗ ਅਰੰਭ ਕਰ ਦਿੱਤਾ। ਆਪ ਜੀ ਦੀ ਕਿਰਪਾ ਸਦਕਾ ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਜਿੱਥੇ- ਜਿੱਥੇ ਵੀ ਨਾਮਧਾਰੀ ਸੰਗਤ ਵੱਸਦੀ ਹੈ, ਹਰ ਜਗ੍ਹਾ ਅੱਸੂ ਦੇ ਮਹੀਨੇ ਵਿੱਚ ਨਾਮ ਸਿਮਰਨ ਜਪ ਪ੍ਰਯੋਗ ਹੁੰਦਾ ਹੈ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਧੂਪ, ਦੀਪ, ਕੁੰਭ ਸੰਯੁਕਤ ਨਾਮ-ਸਿਮਰਨ ਦੀਆਂ ਦੋ ਅਖੰਡ ਵਰਨੀਆਂ ਆਰੰਭ ਕੀਤੀਆਂ- ਇਸੇ ਲੜੀ ਨੂੰ ਅੱਗੇ ਤੋਰਦਿਆਂ ਹੋਰ 12 ਅਖੰਡ ਵਰਨੀਆਂ ਸ਼ੁਰੂ ਕੀਤੀਆਂ। 'ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ'

ਗੁਰਵਾਕ ਅਨੁਸਾਰ ਨਾਮ ਜਪਣਾ ਦ੍ਰਿੜ ਕਰਵਾਇਆ। ਆਪਜੀ ਆਪਣੇ ਹਰ ਉਪਦੇਸ਼ ਵਿੱਚ ਫੁਰਮਾਇਆ ਕਰਦੇ ਸਨ- "ਹਰ ਨਾਮਧਾਰੀ ਸਿੱਖ ਰੋਜ਼ਾਨਾ ਇੱਕ ਇੱਕ ਘੰਟਾ ਨਾਮ ਸਿਮਰਨ ਜੀਅ ਪ੍ਰਤੀ ਅਤੇ ਮਹੀਨੇ ਦਾ ਆਦਿ ਜਾਂ ਦਸਮ ਦਾ ਇੱਕ ਪਾਠ ਪ੍ਰਵਾਰ ਪ੍ਰਤੀ ਜ਼ਰੂਰ ਕਰਿਆ ਕਰੋ।"

ਆਪਣੇ ਪਿਤਾ ਸਤਿਗੁਰੂ ਦੇ ਹਰ ਹੁਕਮ ਨੂੰ ਮੂਰਤੀਮਾਨ ਕਰਨਾ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦਾ ਮੁੱਖ ਉਦੇਸ਼ ਰਿਹਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼ਾਂ ਵਿੱਚ ਫੁਰਮਾਣ ਹੈ- 'ਹਰ ਸਿੱਖ ਦੇ ਬੱਚੇ 'ਚੋਂ ਰਾਗ ਦੀ ਕੁਝ ਨਾ ਕੁਝ ਖੁਸ਼ਬੂ ਜ਼ਰੂਰ ਆਉਣੀ ਚਾਹੀਦੀ ਹੈ।' ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਹੁਕਮ ਨੂੰ ਅਮਲੀ ਰੂਪ ਦੇਣ ਲਈ ਨਾਮਧਾਰੀ ਬੱਚਿਆਂ ਨੂੰ ਸੰਗੀਤ ਸਿਖਣ ਲਈ ਉਤਸ਼ਾਹਿਤ ਕੀਤਾ, ਆਪ ਪੁਰਾਤਨ ਰਬਾਬੀ ਰੀਤਾਂ ਸਿਖਾਈਆਂ- ਸ਼ਾਸ਼ਤ੍ਰੀ ਸੰਗੀਤ ਦੇ ਵੱਡੇ ਉਸਤਾਦਾਂ ਪਾਸ ਆਪਣੇ ਬੱਚੇ ਭੇਜ ਕੇ ਉਨ੍ਹਾਂ ਦੀ ਸੰਗੀਤ ਵੰਨਗੀ ਨੂੰ ਕੀਰਤਨ ਵਾਸਤੇ ਸੁਰੱਖਿਅਤ ਕੀਤਾ। ਸ਼ਾਸਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਦੋਵਾਂ ਖੇਤਰਾਂ ਵਿੱਚ ਆਪਜੀ ਨੇ ਇੱਕ ਪੁਲ ਵਾਂਗ, ਸੰਪਰਕ ਸੂਤਰ ਦੀ ਭੂਮਿਕਾ ਨਿਭਾਈ। ਸ਼ਾਸਤ੍ਰੀ ਸੰਗੀਤ ਦੀ ਉੱਚ ਕੋਟੀ ਦੀ ਕਲਾ ਦੀ ਵੰਨਗੀ ਨੂੰ ਆਪਣੇ ਕੀਰਤਨ ਵਿੱਚ ਸ਼ਾਮਿਲ ਕੀਤਾ ਅਤੇ ਗੁਰਬਾਣੀ ਸ਼ਬਦਾਂ ਦੀਆਂ ਖੰਡ-ਮਾਤ੍ਰਾਂ, ਪੌਣੀਆਂ, ਡੇਢੀਆਂ ਤੇ ਸਵਾਈਆਂ ਮਾਤਰਾਂ ਵਿੱਚ ਬੰਦਿਸ਼ਾਂ ਰਚ ਕੇ ਸ਼ਾਸਤਰੀ ਸੰਗੀਤ ਦੇ ਮਹਾਂ ਪੰਡਿਤਾਂ ਲਈ ਗੁਰਮਤਿ ਸੰਗੀਤ ਬਾਰੇ ਜਗਿਆਸਾ ਪੈਦਾ ਕੀਤੀ। ਵੱਡੇ ਉਸਤਾਦ ਵੀ ਕਈ ਵੇਰ ਆਪ ਜੀ ਦੁਆਰਾ ਸਵਰਬੱਧ ਕੀਤੀਆਂ ਬੰਦਿਸ਼ਾਂ, ਵੱਡੇ ਸੰਗੀਤ ਦਰਬਾਰਾਂ ਵਿੱਚ ਗਾਉਂਦੇ ਹਨ।

ਸੰਗੀਤ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹ ਦੀ ਖੁਰਾਕ ਸੀ। ਆਪ ਜੀ ਕੀਰਤਨ ਸਮੇਂ ਤਾਊਸ਼ ਵਜਾਉਂਦੇ ਤਾਂ ਸੁਰ ਤਾਲ ਨਾਲ ਇੱਕ ਮਿੱਕ ਹੋਏ, ਅਨਹਦ-ਨਾਦ ਦਾ ਸਰੂਪ ਹੋ ਜਾਂਦੇ। ਗਾਉਂਦੇ ਤਾਂ ਰਾਗਾਂ ਦਾ ਸਰੂਪ ਰੂਪਮਾਨ ਹੋ ਜਾਂਦਾ, ਗੁਰਬਾਣੀ, ਸੰਗੀਤ ਅਤੇ ਸਤਿਗੁਰੂ ਇੱਕ ਰੂਪ ਹੋ ਜਾਂਦੇ। ਸ਼ਬਦ ਇਸ ਅੰਦਾਜ਼ ਵਿੱਚ ਗਾਉਂਦੇ ਕਿ ਗੁਰਬਾਣੀ ਦੇ ਭਾਵ ਸਪੱਸ਼ਟ ਹੁੰਦੇ ਐਉਂ ਜਾਪਦਾ ਜਿਵੇਂ ਗੁਰਬਾਣੀ ਆਪਣੇ ਆਪ ਦੀ ਵਿਆਖਿਆ ਕਰ ਰਹੀ ਹੋਵੇ। ਪ੍ਰਸਿੱਧ ਸਰੋਦ ਸਮਰਾਟ ਉਸਤਾਦ ਅਮਜਦ ਅਲੀ ਜੀ ਨੇ 1999 ਵਿੱਚ ਸਰੋਦ ਘਰ ਗਵਾਲੀਅਰ ਵਿਖੇ ਆਪ ਜੀ ਨੂੰ ਸੰਗੀਤ ਮਨੀਸ਼ੀ ਅਵਾਰਡ ਭੇਟ ਕਰਨ ਸਮੇਂ ਕਿਹਾ ਸੀ- "ਹਮਾਰੇ ਪਿਤਾ ਜੀ ਹਮੇਸ਼ਾਂ ਕਹਿਤੇ ਥੇ ਕਿ ਸ਼ਾਸ਼ਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ- ਇਸੇ ਕਰਨੇ ਵਾਲਾ ਬਾਦਸ਼ਾਹ ਹੋ ਸਕਤਾ ਹੈ ਜਾਂ ਫ਼ਕੀਰ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫ਼ਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸਤ੍ਰੀ ਸੰਗੀਤ ਕਿਆ ਹੈ, ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ।"

ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਗੁਰਚਰਨ ਸਿੰਘ ਜੀ ਕੰਵਲ ਆਪਣੀ ਪੁਸਤਕ "ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ" ਵਿੱਚ ਲਿਖਦੇ ਹਨ: 'ਕੁਝ ਸਾਲ ਪਹਿਲੋਂ ਮੈਨੂੰ ਸ੍ਰੀ ਭੈਣੀ ਸਾਹਿਬ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲਾਂ ਵੀ ਇਹ ਸੋਅ ਮੇਰੇ ਕੰਨੀ ਪੈਂਦੀ ਰਹੀ ਸੀ ਫਿਰ ਪਰਤੱਖ ਦਰਸ਼ਨ ਕਰ ਲਏ, ਇੰਜ ਜਾਪਿਆ ਕਿ ਭਗਵਾਨ ਰੂਪ ਪ੍ਰਭੂ ਨੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਧੁਰੋਂ ਦਰਗਾਹੋਂ ਹੀ ਸੰਗੀਤ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿੱਚ ਭੇਜਿਆ ਹੈ। ਵੱਡੇ-ਵੱਡੇ ਤਾਲਾਂ ਦੀਆਂ ਪੁਰਾਤਨ ਬੰਦਿਸ਼ਾਂ , ਬਿਨਾਂ ਕਿਸੇ ਸਾਜ ਦੀ ਸਹਾਇਤਾ ਦੇ, ਪੌਣੀਆਂ ਸਵਾਈਆਂ ਅਤੇ ਡੇਢੀਆਂ ਮਾਤਰਾਂ ਵਿੱਚ ਰੀਤਾਂ ਨੂੰ ਉਨ੍ਹਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿੱਚ ਸੁਣਿਆ।'

ਅੰਮ੍ਰਿਤ ਵੇਲੇ ਦਾ ਇਸ਼ਨਾਨ, ਨਾਮ ਬਾਣੀ ਦਾ ਨਿਤਨੇਮ ਅਤੇ ਦੋਵੇਂ ਵੇਲੇ ਦਾ ਕੀਰਤਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦਾ ਅਨਖਿੜਵਾਂ ਅੰਗ ਰਿਹਾ ਹੈ। ਕੀਰਤਨ ਸਮੇਂ ਗੁਰਬਾਣੀ ਸ਼ਬਦਾਂ ਦਾ ਸ਼ੁੱਧ ਉਚਾਰਨ ਅਤੇ ਕੇਵਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪੁਰਾਤਨ ਪਰੰਪਰਾ ਨੂੰ ਆਪ ਜੀ ਨੇ ਮੁੜ ਸਥਾਪਿਤ ਕੀਤਾ। ਗੁਰੂ ਘਰ ਦੇ ਸੰਗੀਤ ਖ਼ਜ਼ਾਨੇ ਦੀਆਂ ਪੁਰਾਤਨ ਰੀਤਾਂ ਜੋ ਆਪਣੇ ਪਿਤਾ ਸਤਿਗੁਰੂ ਜੀ ਤੋਂ ਅਤੇ ਆਪਣੇ ਉਸਤਾਦਾਂ ਪਾਸੋਂ ਸਿੱਖੀਆਂ, ਜੀਵਨ ਭਰ ਆਪ ਜੀ ਨੇ ਉਸ ਗੁਰਮਤਿ-ਸੰਗੀਤ ਦਾ ਪ੍ਰਚਾਰ-ਪ੍ਰਸਾਰ ਕੀਤਾ, ਸੰਗੀਤ ਦਾ ਅਨਮੋਲ ਖ਼ਜ਼ਾਨਾ ਝੋਲੀਆਂ ਭਰ-ਭਰ ਵੰਡਿਆ। ਸ੍ਰੀ ਭੈਣੀ ਸਾਹਿਬ ਗੁਰਮਤਿ ਸੰਗੀਤ ਦੀ ਇੱਕ ਟਕਸਾਲ ਕਾਇਮ ਕਰ ਦਿੱਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰੂਹਾਨੀਅਤ ਦੇ ਉਹ ਮਹਾਨ ਰਹਿਬਰ ਹੋਏ ਹਨ ਜਿਨ੍ਹਾਂ ਨੇ ਅਧਿਆਤਮਿਕਤਾ ਦੇ ਨਾਲ-ਨਾਲ ਸਮਾਜ ਕਲਿਆਣ ਅਤੇ ਸਰਬਪੱਖੀ ਵਿਕਾਸ ਦੇ ਅਨੇਕਾਂ ਮੀਲ ਪੱਥਰ ਗੱਡੇ ਹਨ, ਕੇਵਲ ਉਪਦੇਸ਼ ਦੇ ਕੇ ਨਹੀਂ, ਇੱਕ ਕਰਮਯੋਗੀ ਦੀ ਤਰ੍ਹਾਂ, ਇੱਕ ਮਿਸਾਲ ਬਣ ਕੇ ਆਪ ਪ੍ਰੇਰਣਾ ਸ੍ਰੋਤ ਬਣੇ, ਮਾਰਗ ਦਰਸ਼ਨ ਕੀਤਾ। ਆਪ ਗੁਰੂ ਬਾਬੇ ਦਾ ਹੱਥੀਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਜੀਵਨ ਦਰਸ਼ਨ ਅਤੇ ਆਪ ਖੇਤੀ ਕਰਨੀ, ਆਪ ਜੀ ਲਈ

ਪ੍ਰੇਰਨਾ-ਸ੍ਰੋਤ ਸੀ, 1965 ਤੋਂ 70 ਈ: ਦੇ ਸਮੇਂ ਵਿੱਚ ਆਪ ਜੀ ਨੇ ਮਸਤਾਨ ਗੜ੍ਹ (ਇਲਾਕਾ ਜੀਵਨ ਨਗਰ) ਦੀ 400 ਏਕੜ ਬੰਜਰ ਧਰਤੀ ਨੂੰ ਆਬਾਦ ਕੀਤਾ, ਬਿਨਾਂ ਕੈਮੀਕਲ ਫਰਟੀਲਾਈਜਰ ਅਤੇ ਪੈਸਟੀਸਾਈਡ ਮੁਕਤ, ਆਰਗੈਨਿਕ ਖੇਤੀ ਕਰਕੇ, ਮਿਸਾਲ ਪੈਦਾਵਰ ਕੀਤੀ। ਇਲਾਕਾ ਜੀਵਨ ਨਗਰ ਜਿੱਥੇ 1947 ਤੋਂ ਪਹਿਲਾਂ ਜੰਗਲ ਬੀਆਬਾਨ ਹੀ ਸੀ, ਮਨੁੱਖ ਤੇ ਕੀ, ਕਾਂ ਤਿਹਾਏ ਮਰ ਜਾਂਦੇ ਸਨ, ਜੇ ਕੋਈ ਫਲ ਸਨ ਤਾਂ ਵਣਾਂ ਦੀਆਂ ਪੀਲਾਂ ਅਤੇ ਬਰਾਨੀ ਚਿੱਬੜ ਹੀ ਸਨ। 1965-66 ਈ: ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਲਾਕੇ ਦੇ ਜ਼ਿਮੀਂਦਾਰਾਂ ਨੂੰ ਪ੍ਰੇਰਕੇ, ਆਪ ਸਹਿਯੋਗ ਦੇ ਕੇ, ਉਚੇਚਾ ਹੁਕਮ ਕਰਕੇ ਅੰਗੂਰਾਂ ਦੇ ਬਾਗ ਲਵਾਉਣੇ ਸ਼ੁਰੂ ਕੀਤੇ। ਆਪਣੇ ਫਾਰਮ ਵਿੱਚ ਜੀਵਨ ਨਗਰ ਅਤੇ ਮਸਤਾਨ ਗੜ੍ਹ ਵੀ ਬਾਗ ਲਵਾਏ। ਸੰਤਰੇ, ਮਾਲਟੇ ਲਾਉਣ ਵਾਸਤੇ ਖੇਤੀ ਬਾੜੀ ਵਿਭਾਗ ਤੋਂ ਮਿੱਟੀ ਟੈਸਟ ਕਰਵਾਈ, ਉਨ੍ਹਾਂ ਕਿਹਾ ਕਿ ਇਹ ਜਮੀਨ ਸੀਟਰੈੱਸ ਫਰੂਟ ਦੇ ਯੋਗ ਨਹੀਂ। ਪਰ ਅਸੰਭਵ ਨੂੰ ਸੰਭਵ ਕਰਨਾ, ਅਣਹੋਣੀ ਨੂੰ ਹੋਣੀ ਵਿੱਚ ਬਦਲਣਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ੌਂਕ ਸੀ। ਆਪ ਜੀ ਉਨ੍ਹਾਂ ਖੇਤਾਂ ਵਿੱਚ ਹੀ ਸੰਤਰਿਆਂ, ਮਾਲਟਿਆਂ ਅਤੇ ਚਕੋਤਰਿਆਂ ਦੇ ਸਫਲ ਬਾਗ ਤਿਆਰ ਕੀਤੇ ਇਸ ਤੋਂ ਬਿਨਾਂ ਸ੍ਰੀ ਜੀਵਨ ਨਗਰ ਤੋਂ ਪਹਾੜ ਵਾਲੇ ਪਾਸੇ ਟਿੱਬੇ ਵਾਲਾ ਖੂਹ ਹੈ ਜਿਸ ਖਿੱਤੇ ਵਿੱਚ ਰੇਤੇ ਦੇ ਟਿੱਬੇ , ਕਿੱਕਰ ਅਤੇ ਜੰਡ ਹੀ ਹੋਇਆ ਕਰਦੇ ਸਨ- 1985-86 ਈ: ਵਿੱਚ ਆਪਜੀ ਨੇ ਇਲਾਕੇਂ ਵਿੱਚੋਂ ਕ੍ਰੀਬ 150 ਟਰੈਕਟਰ ਇਕੱਠੇ ਕਰਕੇ ਦੋ ਦਿਨਾਂ ਵਿੱਚ ਹੀ 200 ਏਕੜ ਜਮੀਨ ਪੱਧਰੀ ਕਰ ਦਿੱਤੀ, ਏਥੇ ਕਈ ਕਿਸਮ ਦੀਆਂ ਬੇਰੀਆਂ, ਅੰਗੂਰਾਂ, ਅਨਾਰਾਂ ਅਤੇ ਅਮਰੂਦਾਂ ਦੇ ਬਾਗ ਲਗਾਏ, ਇਸੇ ਜਗ੍ਹਾ ਜਿਸ ਟਿੱਬੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ ਸਿਮਰਨ ਜਪ ਪ੍ਰਯੋਗ ਕੀਤਾ ਸੀ। ਉਹ ਯਾਦਗਾਰੀ (ਤਪ ਸਥਾਨ) ਟਿੱਬਾ 60 ਫੁੱਟ ਉੱਚਾ ਕਰਕੇ, ਉਸ ਤੇ ਘਾਹ ਅਤੇ ਰੁੱਖ ਲਗਾ ਕੇ ਇੱਕ ਦਰਸ਼ਨੀ ਸਥਾਨ ਬਣਾ ਦਿੱਤਾ। ਬਾਕੀ 'ਚੋਂ ਵੀ ਰੇਤਾ ਚੁੱਕ ਕੇ ਇੱਕ ਹੋਰ ਟਿੱਬਾ ਬਣਾ ਦਿੱਤਾ ਜਿੱਥੇ ਆਪਜੀ ਰਾਤ ਨੂੰ ਜਾ ਕੇ ਤਪ ਕਰਿਆ ਕਰਦੇ ਸਨ। ਟਿੱਬੇ ਵਾਲੇ ਖੂਹ ਦੇ ਰੇਗਿਸਤਾਨ ਨੂੰ ਆਪਜੀ ਦੀ ਪਾਰਸ ਛੁਹ ਨੇ ਨਖਲਿਸਤਾਨ ਵਿੱਚ ਬਦਲ ਦਿੱਤਾ, ਇਸ ਕਰਾਮਾਤ ਨੂੰ ਵੇਖ ਕੇ ਲੋਕਾਂ ਨੇ ਇਹ ਸਾਰਾ ਇਲਾਕਾ ਆਬਾਦ ਕਰ ਲਿਆ- ਜਮੀਨਾਂ ਦੀਆਂ ਕੀਮਤਾਂ ਕਈ ਗੁਣਾਂ ਵਧ ਗਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ ਅੰਦੇਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਰਮਸ਼ੀਲਤਾ ਦਾ ਸਿੱਟਾ ਹੀ ਹੈ ਕਿ ਅੱਜ-ਕੱਲ੍ਹ ਸ੍ਰੀ ਜੀਵਨ ਨਗਰ ਦਾ ਇਲਾਕਾ ਸਾਰੇ ਦੇਸ਼ ਭਰ ਵਿੱਚੋਂ ਉਪਜਾਊ ਅਤੇ ਖੁਸ਼ਹਾਲ ਇਲਾਕਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਵਿੱਚ ਬਾਣੀ ਅਤੇ ਬਾਣੇ ਦੀ ਸ਼ੁੱਧਤਾ ਨੂੰ ਕਾਇਮ ਰੱਖਿਆ। ਸਿੱਖੀ ਸਰੂਪ, ਪਰੰਪਰਾ ਅਤੇ ਮਰਿਯਾਦਾ ਨੂੰ ਸਥਾਪਿਤ ਕੀਤਾ, ਖਾਲਸੇ ਦੀ ਨਿਆਰੀ ਸ਼ਾਨ ਅਤੇ ਪਹਿਚਾਣ ਨੂੰ ਹਰ ਖੇਤਰ ਵਿੱਚ ਮਾਣਯੋਗ ਪਹਿਚਾਣ ਦਵਾਈ, ਬੁਲੰਦੀਆਂ ਤੇ ਪੁਚਾਇਆ। ਖੇਡਾਂ ਵਿੱਚ, ਵਿਸ਼ੇਸ਼ ਕਰਕੇ ਹਾਕੀ ਦੇ ਮੈਦਾਨ ਵਿੱਚ ਸਿੱਖੀ-ਸਰੂਪ, ਦਸਤਾਰ ਅਤੇ ਕਛਹਿਰੇ ਨੂੰ ਅੰਤਰ ਰਾਸ਼ਟਰੀ ਪੱਧਰ ਤੱਕ ਪੁਚਾਉਣ ਦਾ ਸ਼੍ਰੇਯ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ। ਇਸ ਤੋਂ ਬਿਨਾਂ ਆਪਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਨੇ ਸਿੱਖੀ ਸਰੂਪ ਵਿੱਚ ਰਹਿੰਦਿਆਂ ਸਾਹਿਤ, ਸੰਗੀਤ, ਤਕਨੀਕੀ, ਬਾਗਬਾਨੀ ਅਤੇ ਬੀਜ ਉਤਪਾਦਨ ਆਦਿ ਅਗਾਂਹ ਵਧੂ ਖੇਤਰਾਂ ਵਿੱਚ ਵਿਸ਼ੇਸ਼ ਉਪਲਭਦੀਆਂ ਪ੍ਰਾਪਤ ਕੀਤੀਆਂ ਹਨ।

ਸਤਿਗੁਰੂ ਜਗਜਤਿ ਸਿੰਘ ਜੀ ਨੇ ਮਾਂ ਬੋਲੀ ਪੰਜਾਬੀ ਅਤੇ ਗੁਰਮੁਖੀ ਲਿਪੀ ਦੇ ਪ੍ਰਚਾਰ-ਪ੍ਰਸਾਰ ਲਈ ਅਨੇਕਾਂ ਸਫਲ ਯਤਨ ਕੀਤੇ, ਵਿਸ਼ਵ ਪੰਜਾਬੀ ਕਾਨਫਰੰਸਾਂ ਕਰਵਾਈਆਂ, ਪੰਜਾਬੀ ਦੇ ਵਿਕਾਸ ਲਈ ਕੰਮ ਕਰ ਰਹੀਆਂ ਸੰਸਥਾਵਾਂ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ। ਲੋੜਵੰਦ ਲੇਖਕਾਂ ਦੇ ਬੁਢੇਪੇ ਨੂੰ ਸੰਭਾਲਿਆ। ਨਾਮਧਾਰੀ ਸਮਾਜ ਵੱਲੋਂ ਸਾਹਿਤ ਅਤੇ ਇਤਿਹਾਸ ਦੀਆਂ ਅਨੇਕਾਂ ਖੋਜ ਭਰਪੂਰ ਕਿਤਾਬਾਂ ਛਪਵਾ ਕੇ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਈਆਂ।

ਆਪਜੀ ਨੇ ਪੂਰਵ ਸਤਿਗੁਰੂ ਸਾਹਿਬਾਨ ਦੇ ਅਤੇ ਸ਼ਹੀਦਾਂ ਦੇ ਆਦਰਸ਼ਾਂ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਇਤਿਹਾਸਿਕ ਸ਼ਤਾਬਦੀਆਂ ਮਨਾਈਆਂ। 1966 ਵਿੱਚ ਸਾਹਿਬ ਕਲਗੀਧਰ ਪਾਤਸ਼ਾਹ ਦੀ ਤਿੰਨ ਸੌ ਸਾਲਾ ਅਵਤਾਰ ਸ਼ਤਾਬਦੀ ਅਤੇ 1969 ਈ: ਵਿੱਚ ਆਦਿ ਸਤਿਗੁਰੂ ਨਾਨਕ ਦੇਵ ਜੀ ਦੀ 500 ਸਾਲਾ ਪ੍ਰਕਾਸ਼ ਸ਼ਤਾਬਦੀ ਮਨਾਈ, 1963 ਈ: ਵਿੱਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਰੰਭ ਕੀਤੀ ਗੁਰਮਤਿ ਅਨੰਦ ਮਰਿਯਾਦਾ ਦੀ ਸ਼ਤਾਬਦੀ ਪਿੰਡ ਖੋਟੇ ਵਿਖੇ ਮਨਾਈ ਗਈ-ਇੱਕੋ ਚੱਕਰ ਵਿੱਚ 150 ਅਨੰਦ ਕਾਰਜ ਕੀਤੇ ਗਏ। 1972 ਈ: ਵਿੱਚ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਦੇ ਸਮਾਗਮ ਦੇਸ਼ ਭਰ ਵਿੱਚ ਅਤੇ ਥਾਈਲੈਂਡ ਅਫ਼ਰੀਕਾ ਅਤੇ ਇੰਗਲੈਂਡ ਵਿੱਚ ਵੀ ਹੋਏ। 1975 ਵਿੱਚ ਸਾਹਿਬ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਸਰੀ ਸ਼ਤਾਬਦੀ ਮਨਾਈ ਗਈ। 1999 ਈ: ਵਿੱਚ ਖਾਲਸਾ ਸਿਰਜਨਾ ਦੀ ਤੀਸਰੀ ਸ਼ਤਾਬਦੀ ਮਨਾਉਂਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਸੰਤ ਖਾਲਸਾ ਮਾਰਚ ਸ੍ਰੀ ਭੈਣੀ ਸਾਹਿਬ ਤੋਂ ਅਨੰਦਪੁਰ ਸਾਹਿਬ ਦੀ ਇਤਿਹਾਸਿਕ ਯਾਤਰਾ ਕੀਤੀ ਗਈ। ਸੰਨ 2004 ਵਿੱਚ

ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤੀਸਰੀ ਸ਼ਤਾਬਦੀ ਸਮੇਂ ਸ੍ਰੀ ਭੈਣੀ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਤੱਕ ਇਸੇ ਤਰ੍ਹਾਂ ਦਾ ਵਿਸ਼ਾਲ ਜਲੂਸ ਕੱਢਿਆ ਗਿਆ। 2007 ਵਿੱਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਨਾਮਧਾਰੀ ਸੰਤ ਖਾਲਸਾ ਦੀ ਸਿਰਜਨਾ ਦੀ 150 ਵੀਂ ਵਰ੍ਹੇ ਗੰਢ ਵਿਸ਼ਵ ਪੱਧਰ ਤੇ ਮਨਾਈ ਗਈ। ਇਨ੍ਹਾਂ ਸ਼ਤਾਬਦੀਆਂ ਮਨਾਉਣ ਸਮੇਂ ਨਾਮਧਾਰੀ ਸਮਾਜ ਵੱਲੋਂ ਖੋਜ ਭਰਪੂਰ ਪੁਸਤਕਾਂ, ਮੈਗਜ਼ੀਨ ਛਪਵਾਏ ਗਏ, ਵੱਡੇ ਸਮਾਗਮ ਅਤੇ ਸੈਮੀਨਾਰ ਕੀਤੇ ਗਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਂਝੀਵਾਲਤਾ ਅਤੇ ਅਮਨ ਦੇ ਮਸੀਹਾ ਸਨ। ਆਪਜੀ ਦੇ ਕਲਾਵੇ ਵਿੱਚ ਵੱਖੋ-ਵੱਖ ਧਰਮਾਂ ਅਤੇ ਸੰਪਰਦਾਵਾਂ ਤੋਂ ਬਿਨਾਂ ਉਹ ਵੀ ਆਪਣਿਆਂ ਵਾਂਗ ਹੀ ਸਮਾਂ ਜਾਂਦੇ ਸਨ ਸੋ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ-ਆਪ ਜੀ 'ਸਾਂਝ ਕਰੀਜੈ ਗੁਣਹ ਕੇਰੀ' ਗੁਰਵਾਕ ਅਨੁਸਾਰ ਹਰ ਵਿਅਕਤੀ ਅਤੇ ਸੰਸਥਾ ਵਿੱਚ ਕਿਸੇ ਨਾ ਕਿਸੇ ਗੁਣ ਦੇ ਮਾਧਿਅਮ ਰਾਹੀਂ ਸਾਂਝ ਬਣਾ ਹੀ ਲੈਂਦੇ ਸਨ। ਕਿਸੇ ਨਾਲ ਵਿਸ਼ਵ ਅਮਨ ਦੀ, ਸ਼ਾਕਾਹਾਰ ਦੀ, ਮਾਂ ਬੋਲੀ ਦੀ, ਬਾਗਬਾਨੀ ਦੀ, ਸਾਂਝੀਵਾਲਤਾ ਦੀ, ਸੰਗੀਤ ਆਦਿ ਭਾਵ ਕਿਸੇ ਨਾ ਕਿਸੇ ਮਾਧਿਅਮ ਰਾਹੀਂ ਸਾਂਝ ਕਾਇਮ ਕਰ ਹੀ ਲੈਂਦੇ ਸਨ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਆਪਜੀ ਨੇ ਵਿਸ਼ਵ ਅਮਨ ਕੌਂਸਲ ਵਿੱਚ ਬੜੀ ਸਰਗਰਮੀ ਨਾਲ ਅਨੇਕਾਂ ਸਫਲ ਜਤਨ ਕੀਤੇ। ਆਪਜੀ ਨੇ ਵਿਸ਼ਵ ਅਮਨ ਕੌਂਸਲ ਦੀ ਪੰਜਾਬ ਇਕਾਈ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਵੀ ਨਿਭਾਈ। ਸਤਿਗੁਰੂ ਪ੍ਰਤਾਪ ਸਿੰਘ ਜੀ ਫੁਰਮਾਉਂਦੇ ਸਨ ਕਿ ਜਦ ਤੱਕ ਜੀਵ-ਹਿੰਸਾ ਹੈ ਤਦ ਤੱਕ ਸਦੀਵੀ ਅਮਨ ਨਹੀਂ ਕਾਇਮ ਹੋ ਸਕਦਾ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਸ਼ਾਕਾਹਾਰੀ ਕਾਂਗਰਸ ਵਿੱਚ ਬਹੁਤ ਉਚੇਚ ਨਾਲ ਵੱਡੇ ਕਾਰਜ ਕੀਤੇ। ਭਾਰਤ ਵਿੱਚ ਆਪਣੇ ਵੱਲੋਂ ਵਿਸ਼ਵ ਸ਼ਾਕਾਹਾਰੀ ਕਾਨਫਰੰਸਾਂ ਕਰਾਈਆਂ, ਵਿਦੇਸ਼ਾਂ ਵਿੱਚ ਸ਼ਾਕਹਾਰੀ ਕਾਨਫਰੰਸਾਂ ਵਿੱਚ ਸ਼ਾਮਿਲ ਹੋਏ।

ਸੰਨ 1978 ਅਕਤੂਬਰ ਵਿੱਚ ਥਾਈਲੈਂਡ ਦੇ ਬੋਧੀ ਸਾਧੂ ਡਾ. ਸੁਚ੍ਹਾਟ ਵੱਲੋਂ ਵਿਸ਼ਵ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਰੱਖਣ ਸਮੇਂ 32 ਦੇਸ਼ਾਂ ਦੇ ਧਾਰਮਿਕ ਨੁਮਾਇੰਦੇ ਸ਼ਾਮਿਲ ਹੋਏ। ਸਭ ਆਪੋ ਆਪਣੇ ਦੇਸ਼ ਦੀ ਮਿੱਟੀ ਲੈ ਕੇ ਆਏ ਜੋ ਨੀਂਹ ਵਿੱਚ ਪਾਈ ਗਈ। ਸਾਰੇ ਭਾਰਤੀਆਂ ਵਾਸਤੇ ਮਾਣ ਵਾਲੀ ਗੱਲ ਹੈ ਕਿ ਇਸ ਮਹਾਨ ਸਮਾਗਮ ਵੱਲੋਂ ਸਰਵ ਸਤਿਕਾਰਤ ਅਤੇ ਸਰਵ ਪਰਵਾਨਿਤ ਹਸਤੀ ਰੂਹਾਨੀ ਸਖਸ਼ੀਅਤ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਮੰਦਰ ਦਾ ਨੀਂਹ ਪੱਥਰ ਰੱਖਣ ਦੀ ਬੇਨਤੀ ਕੀਤੀ ਗਈ। ਨੀਂਹ ਪੱਥਰ ਰੱਖਣ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹਸਤ ਲਿਖਤ ਬਚਨ ਵਿਜ਼ਟਰਜ ਬੁੱਕ ਵਿੱਚ ਦਰਜ ਹਨ-

ਹਸਤ ਲਿਖਤ ਸਦ ਉਪਦੇਸ਼ :

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਡਾਕਟਰ ਸੁਛਾਹਟ ਜੀ ਦਾ ਆਸ਼ਰਮ ਦੇਖਿਆ ਜਿਸ ਵਿੱਚ ਕਈ-ਕਈ ਦਿਨ ਨਾ ਬੋਲਣ ਵਾਲੇ ਤੇ ਸਮਾਧੀ ਲਾਉਣ ਵਾਲੇ ਪਵਿੱਤਰ ਵਿਚਾਰਾਂ ਵਾਲੇ, ਮਾਸ, ਸ਼ਰਾਬ, ਆਂਡਾ, ਪਾਣ, ਸਿਗਰਟ ਦੀ ਬਿਲਕੁਲ ਨਾ ਵਰਤੋਂ ਕਰਨ ਵਾਲੇ ਸਾਧੂ ਰਹਿੰਦੇ ਹਨ। ਡਾ. ਸਾਹਿਬ ਆਪ ਭੀ ਘੰਟਿਆਂ ਤੱਕ ਸਮਾਧੀ ਲੀਨ ਹੋ ਕੇ ਅਲੌਕਿਕ ਦਰਸ਼ਨ ਕਰਦੇ ਹਨ। ਇਸ ਲਈ ਇੱਥੇ ਸਭ ਜਾਨਵਰ ਸੱਪ ਆਦਿ ਭੀ ਨਹੀਂ ਮਾਰੇ ਜਾਂਦੇ।

ਕੁਲ ਸੰਸਾਰ ਦੀ ਸ਼ਾਂਤੀ ਅਤੇ ਸੁੱਖ ਦੀ ਵੱਡੀ ਨਿਸ਼ਾਨੀ ਇਹ ਹੈ ਇਸ ਤੋਂ ਸਭ ਨੂੰ ਸਿੱਖਿਆ ਧਾਰਨ ਕਰਨੀ ਚਾਹੀਦੀ ਹੈ ਕਿ ਇਹ ਕਿਸ ਤਰ੍ਹਾਂ ਕਿਸੇ ਦੇ ਧਰਮ ਨੂੰ ਚੰਗਾ ਜਾਣਦੇ ਅਤੇ ਕਿਸੇ ਦੀ ਚੰਗਿਆਈ ਨੂੰ ਕਿਸ ਤਰ੍ਹਾਂ ਸਲਾਹੁੰਦੇ ਹਨ। (............)

ਦਸਤਖ਼ਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
9 ਫੱਗਣ 2034, ਹੁਫਾ ਸੁਵੰਨ,
ਰਾਜਬੁਰੀ, ਸਿਆਮ

ਅਗਸਤ 2000 ਈ: ਯੂ. ਐਨ ਓ ਵਿਖੇ ਮਿਲੇਨੀਅਮ ਧਰਮ ਸੰਮੇਲਨ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ। ਆਪ ਜੀ ਫੁਰਮਾਇਆ- 'ਆਪਣੇ ਹੱਕ ਦਾ ਦਾਨ ਕਰੋ, ਦੂਸਰੇ ਦੇ ਹੱਕ ਦੀ ਰਾਖੀ ਕਰੋ, ਇਸ ਨਾਲ ਸਾਰੇ ਝਗੜੇ ਮੁੱਕ ਸਕਦੇ ਹਨ।'

ਵੱਖੋ-ਵੱਖ ਅਦਾਰੇ, ਸੰਸਥਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਨਮਾਨ ਕਰਨਾ ਆਪਣਾ ਮਾਣ ਸਮਝਦੀਆਂ ਸਨ। ਆਪ ਜੀ ਨੂੰ ਭੇਂਟ ਹੋਏ ਸਾਰੇ ਮਾਣ ਸਨਮਾਨਾਂ ਦਾ ਜਿਕਰ ਕਰੀਏ ਤਾਂ ਇਹ ਵੱਖਰੇ ਲੇਖ ਦਾ ਵਿਸ਼ਾ ਹੈ। ਇੱਥੇ ਕੇਵਲ ਕੁਝ ਕੁ ਦਾ ਜਿਕਰ ਕਰਦੇ ਹਾਂ- ਸੰਨ 1965 ਵਿੱਚ ਭਾਰਤੀ ਗੋ ਗੰਵਰਧਨ ਸੰਮਿਤੀ ਵੱਲੋਂ ਆਪ ਜੀ ਨੂੰ ਗਊ ਧਨ ਦੀ ਸਾਂਭ-ਸੰਭਾਲ ਅਤੇ ਨਸਲ ਸੁਧਾਰ ਲਈ 'ਗੋਪਾਲ-ਰਤਨ' ਭੇਟ ਕੀਤਾ ਗਿਆ।

ਸੰਨ 1999 ਵਿੱਚ ਉਸਤਾਦ ਅਮਜ਼ਦ ਅਲੀ, ਸਰੋਦ ਘਰ, ਗਵਾਲੀਅਰ ਵੱਲੋਂ- 'ਉਸਤਾਦ ਹਾਫਿਜ਼ ਅਲੀ ਯਾਦਗਾਰੀ 'ਸੰਗੀਤ-ਮਨੀਸ਼ੀ ਸਨਮਾਨ' ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਭੇਂਟ ਕੀਤਾ ਗਿਆ। ਅਗਸਤ 2000 ਈ: ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਵਿਸ਼ਵ ਅਮਨ ਅਤੇ ਸਾਂਝੀਵਾਲਤਾ ਦੇ ਆਲੰਬਰਦਾਰ ਵਜੋਂ ਸ੍ਰੀ ਸਤਿਗੁਰੂ ਜੀ ਨੂੰ

'ਧਰਮ ਰਤਨ' ਸਨਮਾਨ ਭੇਂਟ ਕੀਤਾ ਗਿਆ।

ਭਾਰਤੀ ਸੰਗੀਤ ਨਾਟਕ ਅਕੈਡਮੀਂ ਵੱਲੋਂ ਸੰਨ 2012 ਵਿੱਚ ਸ਼ਾਸਤ੍ਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਅਤੇ ਨਵ-ਸਿਰਜਨਾ ਲਈ ਸ੍ਰੀ ਸਤਿਗੁਰੂ ਜੀ ਨੂੰ 'ਟੈਗੋਰ-ਰਤਨ ' ਸਨਮਾਨ ਭੇਂਟ ਕੀਤਾ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਅਧਿਆਤਮਕ ਗੁਰੂ ਹੀ ਨਹੀਂ ਸਗੋਂ ਆਦਰਸ਼ ਸਮਾਜ ਦੇ ਉਸਰੀਏ ਸਨ। ਆਪ ਬਣੇ ਸੰਵਰੇ ਰਾਹਾਂ ਤੇ ਨਹੀਂ ਚੱਲੇ ਸਗੋਂ ਆਪ ਦਾ ਚੱਲਣਾ ਹੀ ਨਵੇਂ ਰਸਤਿਆਂ ਨੂੰ ਜਨਮ ਦੇਂਦਾ ਸੀ। ਆਪ ਬੰਜਰ ਜਮੀਨ ਵਿੱਚ ਵਿਚਰੇ ਤਾਂ ਉਹ ਉਪਜਾਊ ਬਣ ਗਈ, ਰੇਤਲੇ ਟਿੱਬਿਆਂ ਤੇ ਚਰਨ ਪਾਏ ਤਾਂ ਉੱਥੇ ਹਰਿਆਵਲ ਛਾ ਗਈ। ਗਰੀਬ ਬੱਚਿਆਂ ਦੇ ਸਿਰ ਤੇ ਮਿਹਰ ਭਰਿਆ ਹੱਥ ਰੱਖਿਆ ਤਾਂ ਉਹ ਉੱਤਮ ਦਰਜੇ ਦੇ ਕਲਾਕਾਰ, ਸੰਗੀਤ ਕਾਰ, ਵਿਦਵਾਨ, ਖਿਡਾਰੀ ਅਤੇ ਵਿਗਿਆਨੀ ਬਣ ਗਏ। ਵਿਦੇਸ਼ਾਂ ਵਿੱਚ ਵਿਚਰੇ ਤਾਂ ਉੱਥੇ ਭਾਰਤੀ ਸੱਭਿਆਚਾਰ ਅਤੇ ਸਿੱਖੀ-ਸਰੂਪ ਛਾ ਗਿਆ। ਸਾਦਗੀ, ਨਿਮਰਤਾ ਅਤੇ ਪ੍ਰੇਮ ਪਰੁੱਚੀ ਮਹਿਕਾਂ ਭਰੀ ਸਖਸ਼ੀਅਤ ਸੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ। ਪ੍ਰੋ:ਕਿਰਪਾਲ ਸਿੰਘ ਕਸੇਲ ਜੀ ਦੇ ਸ਼ਬਦਾਂ ਵਿੱਚ-

ਹਿਰਦਾ ਗੁਰ ਜਗਜੀਤ ਦਾ, ਸਾਗਰ ਸਮ ਵਿਸ਼ਾਲ॥
ਸੰਜਮ ਅਤੇ ਉਦਾਰਤਾ, ਦਾ ਆਦਰਸ਼ ਕਮਾਲ॥
ਸਿੱਧਾ-ਸਾਦਾ ਜੀਵਣਾ, ਸਤਿਗੁਰ ਤਾਈਂ ਪਸੰਦ॥
ਅਮਲੋਂ ਨੇਕ, ਅਰੋਗ ਤਨ, ਉੱਦਮ, ਕਿਰਤ, ਅਨੰਦ॥

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਨੂੰ ਪੱਛਮੀ ਸੱਭਿਆਚਾਰ ਦੇ ਦੁਰਪਰਭਾਵਾਂ ਤੋਂ ਬਚਾਉਣ ਲਈ ਅਤੇ ਸਿੱਖੀ ਸੱਭਿਆਚਾਰ ਦੀਆਂ ਉੱਚੀਆਂ-ਸੁੱਚੀਆਂ, ਕਦਰਾਂ-ਕੀਮਤਾਂ ਅਨੁਸਾਰ ਨਵੀਂ ਪੀੜੀ ਦਾ ਮਾਰਗ-ਦਰਸ਼ਨ ਕਰਨ ਲਈ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਮੱਧ ਵਿੱਚ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ। ਕੁਝ ਵਰ੍ਹਿਆਂ ਬਾਅਦ ਬੀਬੀਆਂ ਦਾ ਜਥਾ ਵੀ ਬਣਾਇਆ ਅਤੇ ਅੱਜ ਕੱਲ੍ਹ ਸਰਬ ਹਿੰਦ ਜਥਾ, ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਰੂਪ ਵਿਚ ਹੈ। ਆਪਜੀ ਦੀ ਕਈ ਦਹਾਕਿਆਂ ਦੀ ਕਠਿਨ ਘਾਲਣਾ ਦਾ ਸਿੱਟਾ ਹੀ ਹੈ ਕਿ ਨਾਮਧਾਰੀ ਨੌਜੁਆਨ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਮੁਕਤ ਹਨ ਏਥੋਂ ਤੱਕ ਕਿ ਚਾਹ, ਕਾਫੀ ਅਤੇ ਕੋਕਾ ਕੋਲਾ ਵੀ ਨਹੀਂ ਵਰਤਦੇ। ਭਰੂਣ ਹੱਤਿਆ ਦੇ ਕਲੰਕ ਤੋਂ ਵੀ ਨਾਮਧਾਰੀ ਸਮਾਜ ਬਚਿਆ ਹੋਇਆ ਹੈ। ਗੁਰੂ ਨਾਨਾਕ ਦੇਵ ਯੂਨੀਵਰਸਿਟੀ ਦੇ ਗੁਰੂ ਰਾਮ ਸਿੰਘ ਚੇਅਰ ਵਿਭਾਗ ਵੱਲੋਂ ਕੀਤੇ ਇੱਕ ਸਰਵੇ ਅਨੁਸਾਰ ਨਾਮਧਾਰੀ ਸਮਾਜ ਵਿੱਚ 1000 ਲੜਕੇ ਅਤੇ 990 ਲੜਕੀਆਂ ਦਾ ਅਨੁਪਾਤ ਹੈ ਜਦੋਂ ਕਿ ਪੰਜਾਬ ਵਿੱਚ ਇਹ ਅਨੁਪਾਤ 850 ਜਾਂ ਕਈ ਥਾਈਂ ਇਸਤੋਂ ਵੀ ਘੱਟ ਹੈ। ਨਾਮਧਾਰੀ ਸਮਾਜ ਵਿੱਚ ਦਾਜ-ਦਹੇਜ ਰਹਿਤ ਸਾਦੇ, ਸਾਮੂਹਿਕ ਅਨੰਦ ਕਾਰਜ ਹੁੰਦੇ ਹਨ, ਮੈਰਿਜ ਪੈਲਿਸ ਨਹੀਂ ਬੁੱਕ ਕਰਵਾਏ ਜਾਂਦੇ ਸਗੋਂ ਮੇਲਿਆਂ ਵਿੱਚ, ਸੰਗਤ ਵਿੱਚ ਹੀ ਅਨੰਦ ਹੁੰਦੇ ਹਨ। ਆਪਜੀ ਦੀ ਕਿਰਪਾ ਹੀ ਹੈ ਕਿ ਹਰ ਅਗਾਂਹ ਵਧੂ ਖੇਤਰ ਵਿੱਚ ਨਾਮਧਾਰੀ ਨੌਜੁਆਨਾਂ ਨੇ ਸਿੱਖੀ ਸਰੂਪ ਵਿੱਚ ਕਾਇਮ ਰਹਿੰਦਿਆਂ ਸਤਿਕਾਰ ਯੋਗ ਥਾਂ ਬਣਾਈ ਹੈ। ਵਿਸ਼ਵ ਭਰ ਦੇ ਪੰਜਾਂ ਮਹਾਂਦੀਪਾਂ ਵਿੱਚ ਵੱਸਦੇ ਨਾਮਧਾਰੀ ਕਿਰਤੀ, ਮਿਹਨਤੀ, ਅਤੇ ਅਮਨ ਪਸੰਦ ਚੰਗੇ ਸ਼ਹਿਰੀ ਹਨ ਅਤੇ ਖਾਲਸੇ ਦੇ ਨਿਆਰੇ ਸਰੂਪ ਦੀ ਸੋਭਾ ਵਧਾ ਰਹੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਰੂਹਾਨੀਅਤ ਦੇ ਉਹ ਮਹਾਨ ਰਹਿਬਰ ਹੋਏ ਹਨ ਜਿਨਾਂ ਨੇ ਅਧਿਆਤਮਿਕਤਾ ਦੇ ਨਾਲ-ਨਾਲ ਸਮਾਜ ਕਲਿਆਣ ਦੇ ਅਨੇਕਾਂ ਮੀਲ ਪੱਥਰ ਗੱਡੇ ਹਨ। ਆਪ ਕੇਵਲ ਸਦ-ਉਪਦੇਸ਼ ਅਤੇ ਅਸ਼ੀਰਵਾਦ ਦੇਣ ਵਾਲੇ ਮੁਕਤੀਦਾਤਾ ਗੁਰੂ ਹੀ ਨਹੀਂ ਸਨ ਸਗੋਂ ਹੱਸਦੇ-ਖੇਡਦੇ ਚੁਫੇਰੇ ਵਿੱਚ ਇਵੇਂ ਵਿਚਰੇ ਕਿ ਹਰ ਕਿਸੇ ਨੂੰ ਅਪਣੱਤ ਦਾ ਅਹਿਸਾਸ ਹੁੰਦਾ, ਆਮ ਮਨੁੱਖਾਂ ਵਾਂਗ ਸੁੱਖ-ਦੁੱਖ ਆਪਣੇ ਤਨ ਤੇ ਹੰਢਾਉਂਦੇ, ਕਿਰਤ ਕਰਦੇ, ਨਵੇਂ ਗਿਆਨ-ਵਿਗਿਆਨ ਨੂੰ ਸੰਗੀਆਂ ਸਾਥੀਆਂ ਨਾਲ ਸਾਂਝਾ ਕਰਦੇ, ਬੱਚਿਆਂ ਨੂੰ ਮਾਪਿਆਂ ਵਾਂਗ ਲਾਡ ਲਡਾਉਂਦੇ, ਬਜੁਰਗਾਂ ਨੂੰ ਇਵੇਂ ਨਿਵਾਜਦੇ ਕਿ ਉਨ੍ਹਾਂ ਨੂੰ ਕਦੇ ਅਣਗੌਲੇ ਜਾਣ ਦਾ ਅਹਿਸਾਸ ਤੱਕ ਨਾ ਹੋਣ ਦੇਂਦੇ। ਹਰ ਜਾਤ, ਕੌਮ ਦੇ ਕੇਵਲ ਮਨੁੱਖ ਮਾਤਰ ਹੀ ਨਹੀਂ ਸਗੋਂ ਪਸ਼ੂ ਪੰਛੀ ਅਤੇ ਰੁੱਖ-ਬਿਰਖ ਵੀ ਆਪ ਦੇ ਪ੍ਰੇਮ ਕਲਾਵੇ ਵਿੱਚ ਸਮਾ ਜਾਂਦੇ ਸਨ ਆਪ ਦਾ ਨੂਰੀ ਮੁੱਖ-ਮੰਡਲ, ਨਾਮ-ਰੱਤੇ ਨੇਤ੍ਰ, ਧਰਤੀ ਜੇਡਾ ਜ਼ੇਰਾ, ਖੁਲ੍ਹੇ ਆਕਾਸ਼ ਜੇਹੀ ਵਿਸ਼ਾਲ ਸੋਚ, ਫੁੱਲਾਂ ਜੇਹਾ ਮਹਿਕਾਂ ਭਰਿਆ ਕੋਮਲ ਹਿਰਦਾ, ਸ੍ਰੀ ਮੁੱਖ ਤੇ ਧੀਰਜ ਨਾਲ ਓਤ-ਪੋਤ ਸਦਾ ਬਹਾਰ ਮੁਸਕਾਨ ਅਤੇ ਪ੍ਰੇਮ-ਪਰੁੱਚੇ ਮਿਕਾਨਤੀਸੀ ਬੋਲ ਹਰ ਕਿਸੇ ਨੂੰ ਆਪਣਾ ਬਣਾ ਲੈਣ ਦੀ ਸ਼ਕਤੀ ਰੱਖਦੇ ਸਨ। ਨਾਮ-ਬਾਣੀ ਅਤੇ ਸੰਗੀਤ ਤਾਂ ਆਪਜੀ ਦੀ ਰੂਹ ਦੀ ਖੁਰਾਕ ਸੀ। ਆਪਜੀ ਦਿਲਰੁਬਾ ਵਜਾਉਂਦੇ ਤਾਂ ਸੁਰ-ਤਾਲ ਨਾਲ ਇੱਕ-ਮਿਕ ਹੋਏ ਅਨਹਦ ਨਾਦ ਦਾ ਸਰੂਪ ਹੋ ਜਾਂਦੇ, ਗਾਉਂਦੇ ਤਾਂ ਰਾਗਾਂ ਦਾ ਸਰੂਪ ਰੂਪਮਾਨ ਹੋ ਜਾਂਦੇ, ਗੁਰਬਾਣੀ ਦੇ ਭਾਵ ਅਰਥ ਇਵੇਂ ਸਪੱਸ਼ਟ ਹੁੰਦੇ ਕਿ ਜਿਵੇਂ ਗੁਰਬਾਣੀ ਆਪਣੇ ਆਪ ਦੀ ਵਿਆਖਿਆ ਕਰ ਰਹੀ ਹੋਵੇ-ਗੁਰਬਾਣੀ ਸੰਗੀਤ ਅਤੇ ਸਤਿਗੁਰੂ ਇੱਕ ਰੂਪ ਹੋ ਜਾਂਦੇ।

ਏਥੇ ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ ਬੀਬੀ ਦਲੀਪ ਕੌਰ 'ਟਿਵਾਣਾ' ਦੀ ਦ੍ਰਿਸ਼ਟੀ ਵਿੱਚ ਸਤਿਗੁਰੂ

ਜਗਜੀਤ ਸਿੰਘ ਜੀ ਦੀ ਸਖਸ਼ੀਅਤ ਦੇ ਦੈਵੀ ਪ੍ਰਭਾਵ ਬਾਰੇ ਕੁਝ ਸ਼ਬਦ ਅੰਕਿਤ ਹਨ-

'ਇੱਕ ਕਥਾ ਪੜ੍ਹਦਿਆਂ, ਰਾਜ-ਭਾਗ, ਤਿਆਗ ਕੇ, ਜੰਗਲਾਂ ਵਿੱਚ ਭਟਕਦੇ, ਜਿੰਦਗੀ ਅਤੇ ਮੌਤ ਦੇ ਅਰਥ ਤਲਾਸ਼ਦੇ ਮਹਾਤਮਾ ਬੁੱਧ ਦੀ ਜਦੋਂ ਮੈਂ ਸ਼ਕਲ ਕਿਆਸਦੀ ਹਾਂ ਤਾਂ ਪ੍ਰਾਪਤ ਕਿਸੇ ਵੀ ਮੂਰਤ ਜਾਂ ਮੂਰਤੀ ਵਿੱਚੋਂ ਮੈਨੂੰ ਮਹਾਤਮਾ ਬੁੱਧ ਨਹੀਂ ਦਿਸਦੇ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵੱਲ ਤੱਕਦਿਆਂ ਮੈਨੂੰ ਲੱਗਿਆ, ਮਹਾਤਮਾ ਬੁੱਧ ਹੂ-ਬ-ਹੂ ਇਹੋ ਜਿਹੇ ਹੀ ਹੋਣਗੇ। ਓਹੀ ਨੂਰਾਨੀ ਚਿਹਰਾ, ਓਹੀ ਨਿੱਕੀਆਂ-ਨਿੱਕੀਆਂ ਗੱਲਾਂ ਰਾਹੀਂ ਵੱਡੇ ਅਰਥ ਸਮਝਾਉਣ ਵਾਲਾ ਬੁੱਧ ਇਹੋ ਜਿਹਾ ਹੀ ਤਾਂ ਹੋਵੇਗਾ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੇਖ ਕੇ ਮੈਨੂੰ ਲੱਗਿਆ ਕਿ ਮਹਾਂ-ਬਲੀ, ਪੀਰ-ਫ਼ਕੀਰ, ਗੁਰੂ, ਰਿਸ਼ੀ-ਮੁਨੀ ਇਹੋ ਜਿਹੇ ਹੀ ਤਾਂ ਹੁੰਦੇ ਹੋਣਗੇ। ਇਹ ਸੋਚਦਿਆਂ ਤੁਹਾਡਾ ਮਨ ਆਪਣੇ ਆਪ ਹੀ ਸਤਿਕਾਰ ਵਿੱਚ ਝੁੱਕ ਜਾਂਦਾ ਹੈ।'

'ਸਦ ਪੀੜੀ ਗੁਰੂ ਚਲੰਦੀ' ਗੁਰਵਾਕ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸੰਭਾਲ ਕਰਨ ਲਈ ਅਤੇ ਧਰਮ ਦੇ ਸ਼ੁੱਧ ਸਰੂਪ ਨੂੰ ਕਾਇਮ ਰੱਖਣ ਲਈ ਉਹ ਹਸਤੀ ਸਤਿਗੁਰੂ ਰੂਪ ਵਿੱਚ ਬਖਸ਼ੀ, ਜਿਸ ਨੂੰ ਆਪਜੀ ਨੇ ਆਪ ਤਰਤੀਬਿਆ, ਤਰਾਸ਼ਿਆ। ਜਿਸਨੂੰ ਆਪਜੀ 'ਮੇਰੇ ਬੇਟਾ ਜੀ' ਕਹਿ ਕੇ ਪਿਆਰਦੇ ਦੁਲਾਰਦੇ ਸਨ। ਕਿਰਤ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਪ ਮਾਰਗ ਦਰਸ਼ਨ ਕਰਕੇ ਸ੍ਰੀ ਉਦੇ ਸਿੰਘ ਜੀ ਨੂੰ ਵਿਗਿਆਨਕ-ਕਿਰਤੀ ਬਣਾਇਆ, ਦੀਨੀ ਅਤੇ ਦੁਨਿਆਵੀ ਗੁਣਾਂ ਨਾਲ ਭਰਪੂਰ ਕੀਤਾ। ਪਰਲੋਕ ਗਵਨ ਤੋਂ ਕੁਝ ਵਰ੍ਹੇ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਉਦੇ ਸਿੰਘ ਜੀ ਨੂੰ ਮੁਖਾਤਿਬ ਹੁੰਦਿਆਂ ਬਚਨ ਕੀਤਾ:

"ਕਾਕਾ ਤੂੰ ਹੁਣ ਭਜਨ-ਬਾਣੀ ਕਰਿਆ ਕਰ ਅਤੇ ਕਰਵਾਇਆ ਵੀ ਕਰ।"

ਇਹ ਇੱਕ ਗੁਹਜ-ਸੰਕੇਤ ਹੀ ਸੀ। 13 ਦਸੰਬਰ 2012 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਲੋਕ ਗਵਨ ਕਰਨ ਉਪਰੰਤ ਆਪ ਜੀ ਦੀ ਰਜਾ ਅਨੁਸਾਰ ਸ੍ਰੀ ਉਦੇ ਸਿੰਘ ਜੀ ਇਸ ਰਾਜ-ਜੋਗ ਗੱਦੀ ਤੇ ਸੁਭਾਇਮਾਨ ਹੋਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਨਾਮਧਾਰੀ ਪੰਥ ਦਾ ਭਵਿੱਖ ਸੁਰੱਖਿਅਤ ਅਤੇ ਰੌਸ਼ਨ ਹੈ।

ਸਤਿਗੁਰ ਦਇਆ ਕਰੇ ਸੁਖ ਦਾਤਾ,  
ਸੰਗਤਾਂ ਦੀ ਅਰਦਾਸ ਪੁਗਾਵੇ।  
ਸਤਿਗੁਰ ਸ੍ਰੀ ਜਗਜੀਤ ਦੀ ਮੂਰਤ,  
ਉਦੈ ਭਾਨ 'ਚੋਂ ਨਜਰੀਂ ਆਵੇ॥

ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੇ ਆਲੰਬਰਦਾਰ ਦਸਮ ਪਾਤਸ਼ਾਹ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਨਿਆਰੀ ਸ਼ਾਨ ਨੂੰ ਵਿਸ਼ਵ ਭਰ ਵਿੱਚ ਸਨਮਾਨ ਯੋਗ ਥਾਂ ਦਿਵਾਉਣ ਵਾਲੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਕੀਤੀ ਸਤਿਜੁਗੀ ਰਹਿਤ-ਮਰਿਯਾਦਾ ਨੂੰ ਕਾਇਮ ਰੱਖਣ ਵਾਲੇ ਮਹਾਨ ਗੁਰੂ- ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਪਾਈਆਂ ਪੈੜਾਂ ਅਤੇ ਨੂਰੀ ਲੋਅ ਸਦੀਵ ਕਾਲ ਤੱਕ ਮਨੁੱਖਤਾ ਦਾ ਰਾਹ ਰੁਸ਼ਨਾਉਂਦੀ ਰਹੇਗੀ।

**ਸ੍ਰੀ ਭੈਣੀ ਸਾਹਿਬ**  
**ਸੰਪ:94176-01321**

## ਤੇਰੀਆਂ ਪੈੜਾਂ ਨੇ ਚਾਨਣ ਮੁਨਾਰੇ ਵਾਂਗਰਾ.

**-ਅਜੀਤ ਸਿੰਘ ਲਾਇਲ**

ਤੇਰੀਆਂ ਪੈੜਾਂ ਨੇ ਚਾਨਣ ਮੁਨਾਰੇ ਵਾਂਗਰਾ.  
'ਹਨੇਰੇ ਵਿਚ ਕਿਸੇ ਡੰਗੋਰੀ ਦੇ ਸਹਾਰੇ ਵਾਂਗਰਾਂ॥

ਜਿੰਦਗੀ ਦੇ ਖੌਫ ਮਿਟ ਜਾਂਦੇ ਨੇ ਤੈਨੂੰ ਵੇਖਿਆਂ  
ਡੁਬਦਿਆਂ ਦੇ ਕੋਲ ਚੱਲ ਆਏ ਕਿਨਾਰੇ ਵਾਂਗਰਾਂ।

ਕਾਲੀਆਂ ਘਨਘੋਰ ਰਾਤਾਂ ਚ ਰਾਹ ਦਰਸਾਣ ਲਈ  
ਵਿਚ ਅਕਾਸ਼ੀਂ ਚਮਕਦੇ ਕਿਸੇ ਸਿਆਰੇ ਵਾਂਗਰਾਂ।

ਮਿਲਦੀਆਂ ਨਜ਼ਰਾਂ ਸੰਗ ਨਜ਼ਰਾਂ ਜਦ ਕਦੇ ਇਤਫਾਕ ਨਾਲ  
ਜਾਪਦੇ ਉਹ ਅਹਿਮ ਪਲ ਰੱਬੀ ਹੁਲਾਰੇ ਵਾਂਗਰਾਂ।

ਵਿਚ ਸੁਨਾਮੀ ਪਰਲੋਆਂ ਤੂਫਾਨ ਤੇ ਭੂਚਾਲ ਤੋਂ  
ਰੱਖ ਲੈਂਦੋ ਹੱਥ ਦੇ ਪ੍ਰੀਤਮ ਪਿਆਰੇ ਵਾਂਗਰਾਂ।

ਤੇਰੀ ਹਰ ਅਦਾਅ ਕੋਈ ਜਿੰਦਗੀ ਦਾ ਭੇਤ ਦੱਸਦੀ  
ਹੋ ਰਹੇ ਕਿਸੇ ਰੱਬੀ ਇਸ਼ਾਰੇ ਵਾਂਗਰਾਂ ।


ਬੋਲ ਮਿੱਠੇ ਮਾਖਿਓਂ ਰੂਹ ਨੂੰ ਸਕੂਨ ਬਖਸ਼ਦੇ  
ਸਾਥ ਤੇਰਾ ਜਾਪਦੈ ਰੱਬੀ ਸਹਾਰੇ ਵਾਂਗਰਾਂ ।

ਬਾਤ ਇਹ ਅਗੰਮ ਦੀ ਨਾ ਰੁਕੇਗੀ ਅਨੰਤ ਤੀਕ  
ਸਾਥ ਤੇਰਾ ਮਾਣੀਏਂ ਸਦੀਵੀ ਹੁੰਘਾਰੇ ਵਾਂਗਰਾਂ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਰੰਭ ਕੀਤੇ ਗਏ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਸੰਗੀਤ ਸੰਮੇਲਨਾਂ ਦੀਆਂ ਕੁਝ ਝਲਕੀਆਂ



1980 ਸ੍ਰੀ ਸਤਗਿਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਸੰਗੀਤ ਸੰਮੇਲਨ –ਔਰੰਗਾਬਾਦ।




1977 ਸ੍ਰੀ ਸਤਗਿਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਸੰਗੀਤ ਸੰਮੇਲਨ, ਦਿੱਲੀ।



1973 ਸ੍ਰੀ ਸਤਗਿਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਸੰਗੀਤ ਸੰਮੇਲਨ –ਦਿੱਲੀ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਰੰਭ ਕੀਤੇ ਗਏ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮ੍ਰਤੀ ਸੰਗੀਤ ਸੰਮੇਲਨਾਂ ਦੀਆਂ ਕੁਝ ਝਲਕੀਆਂ



1976 ਵਿਦਿਅਕ ਸੰਗੀਤ ਸੰਮੇਲਨ –
ਸ੍ਰੀ ਭੈਣੀ ਸਾਹਿਬ।

1973 ਸ੍ਰੀ ਸਤਗ੍ਰਿਰੂ ਪ੍ਰਤਾਪ ਸਿੰਘ ਜੀ
ਸਿਮ੍ਰਤੀ ਸੰਗੀਤ ਸੰਮੇਲਨ –ਦਿੱਲੀ






1973 ਸ੍ਰੀ ਸਤਗ੍ਰਿਰੂ ਪ੍ਰਤਾਪ ਸਿੰਘ ਜੀ
ਸਿਮ੍ਰਤੀ ਸੰਗੀਤ ਸੰਮੇਲਨ –ਦਿੱਲੀ।



1980 ਸ੍ਰੀ ਸਤਗ੍ਰਿਰੂ ਪ੍ਰਤਾਪ ਸਿੰਘ ਜੀ
ਸਿਮ੍ਰਤੀ ਸੰਗੀਤ ਸੰਮੇਲਨ –ਔਰੰਗਾਬਾਦ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਸਿਮ੍ਰਤੀ ਸੰਗੀਤ ਸੰਮੇਲਨਾਂ ਦੀਆਂ ਕੁਝ ਝਲਕੀਆਂ (ਸਥਾਨ: ਸ੍ਰੀ ਭੈਣੀ ਸਾਹਿਬ)




ਸੰਗੀਤ ਸੰਮੇਲਨ 2013



ਸੰਗੀਤ ਸੰਮੇਲਨ 2013



ਸੰਗੀਤ ਸੰਮੇਲਨ 2014



ਸੰਗੀਤ ਸੰਮੇਲਨ 2014




ਸੰਗੀਤ ਸੰਮੇਲਨ 2014



ਸੰਗੀਤ ਸੰਮੇਲਨ 2014

# ਸ੍ਰੀ ਸਤਿਗੁਰੂ ਜਗਜੀਤ ਸਿੰਘ ਸਿਮ੍ਰਤੀ ਸੰਗੀਤ ਸੰਮੇਲਨਾਂ ਦੀਆਂ ਕੁਝ ਝਲਕੀਆਂ (ਸਥਾਨ: ਸ੍ਰੀ ਭੈਣੀ ਸਾਹਿਬ)



ਸੰਗੀਤ ਸੰਮੇਲਨ 2017



ਸੰਗੀਤ ਸੰਮੇਲਨ 2016



ਸੰਗੀਤ ਸੰਮੇਲਨ 2016



ਸੰਗੀਤ ਸੰਮੇਲਨ 2017



ਸੰਗੀਤ ਸੰਮੇਲਨ 2017



ਸੰਗੀਤ ਸੰਮੇਲਨ 2017

# ਸਤਿਗੁਰੂ ਜੀ ਦੀ ਬਖਸ਼ਿਸ਼

✍- ਰਜਿੰਦਰ ਕੌਰ ਪੰਨੂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੁੜੀਆਂ ਨੂੰ ਕੇਵਲ ਮਰਣੋਂ ਹੀ ਨਹੀਂ ਬਚਾਇਆ ਸਗੋਂ ਉਨ੍ਹਾਂ ਵਾਸਤੇ ਗੁਰਮੁਖੀ ਸਿਖਲਾਈ ਲਈ ਵੀ ਬਹੁਤ ਜ਼ੋਰ ਦਿੱਤਾ। ਜਿਸਦਾ ਸਬੂਤ ਪ੍ਰਦੇਸ ਗਵਨ ਤੋਂ ਬਾਦ ਲਿਖੇ ਹੁਕਮਨਾਮਿਆਂ ਵਿਚੋਂ ਮਿਲਦਾ ਹੈ। ਲੜਕੀਆਂ ਦੇ ਬਾਲ ਵਿਆਹ ਰੋਕਣ ਤੇ ਪਾਬੰਦੀ ਹੀ ਨਹੀਂ ਲਾਈ ਸਗੋਂ ਪਤੀ ਦੀ ਮੌਤ ਉਪਰੰਤ ਸਤੀ ਪ੍ਰਥਾ ਨੂੰ ਵੀ ਬੰਦ ਕੀਤਾ। ਉਸਤੋਂ ਵੀ ਅਗਲਾ ਕੰਮ ਜੋ ਬਹੁਤ ਮਹੱਤਵਪੂਰਨ ਸੀ ਜਵਾਨ ਵਿਧਵਾਵਾਂ ਦਾ ਪੁਨਰ ਵਿਆਹ ਕਰਨਾ, ਤਾਂ ਜੋ ਉਹ ਵੀ ਬਾਕੀ ਸੁਹਾਗਣਾਂ ਤਰ੍ਹਾਂ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਸ਼ੁਰੂ ਅਤੇ ਸਥਾਪਿਤ ਕਰ ਸਕਣ। ਤਾਂ ਹੀ ਤਾਂ ਇਸਤ੍ਰੀਆਂ ਦੇ ਸਭ ਤੋਂ ਵੱਡੇ ਮੁਕਤੀ ਦਾਤਾ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਮੰਨਿਆ ਜਾਂਦਾ ਹੈ।

ਏਸੇ ਕੜੀ ਨੂੰ ਅੱਗੇ ਤੋਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਇੱਕ ਨਹੀਂ ਬਲਕਿ ਅਣਗਿਣਤ ਵਿਧਵਾ ਵਿਆਹ ਕੀਤੇ। ਜਿਨ੍ਹਾਂ ਵਿਚੋਂ ਮੈਂ ਆਪਣਾ ਜ਼ਿਕਰ ਕਰਨਾ ਜਰੂਰੀ ਸਮਝਦੀ ਹਾਂ। ਮੈਂ ਜਲੰਧਰ ਵਿਆਹੀ ਹੋਈ ਸੀ। ਮੇਰੇ ਪਤੀ ਵਿਦੇਸ਼ ਵਿੱਚ ਸਨ, ਅਤੇ ਉੱਥੇ ਹੀ ਉਨ੍ਹਾਂ ਦੀ ਇੱਕ ਐਕਸੀਡੈਂਟ ਵਿੱਚ 2 ਫਰਵਰੀ 1994 ਨੂੰ ਮੌਤ ਹੋ ਗਈ। ਮੇਰੇ ਪਤੀ ਦੀ ਅਚਾਨਕ ਮੌਤ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ। ਮੇਰੇ ਕੋਲ ਡੇਢ ਕੁ ਸਾਲ ਦੀ ਮੇਰੀ ਬੇਟੀ ਵੀ ਸੀ। ਜ਼ਿਦਗੀ ਚ ਹਨੇਰਾ ਛਾ ਗਿਆ। ਮੈਂ ਆਪਣੇ ਮਾਤਾ-ਪਿਤਾ ਨਾਲ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਆਕੇ ਅਰਜ਼ ਕੀਤੀ ਕਿ ਮੇਰੇ ਨਾਲ ਬਹੁਤ ਹੀ ਦਰਦਨਾਕ ਹਾਦਸਾ ਵਾਪਰਿਆ ਹੈ। ਕਿਉਂਕਿ ਮੇਰਾ ਵਿਆਹ ਸਤਿਗੁਰੂ ਜੀ ਨੇ ਹੀ ਕੀਤਾ ਸੀ। ਸੱਚੇ ਪਾਤਸ਼ਾਹ ਜੀ ਮੇਰੀ ਸਾਰੀ ਬੇਨਤੀ ਸੁਣ ਬਚਨ ਕੀਤਾ, "ਸੋਚਕੇ ਦੱਸਾਂਗਾ, ਅੱਗੋਂ ਕੀ ਕਰਨਾ ਹੈ"। ਆਪਣੇ ਮਾਤਾ ਪਿਤਾ ਦੇ ਨਾਲ ਹੀ ਮੈਂ ਆਪਣੇ ਪੇਕੇ ਘਰ ਲੁਧਿਆਣੇ ਚਲੀ ਗਈ। ਦਿਨ ਰਾਤ ਆਪਣੇ ਅਤੇ ਆਪਣੀ ਬੱਚੀ ਦੇ ਭਵਿੱਖ ਲਈ ਚਿੰਤਾ ਲੀਨ ਰਹਿਣ ਲੱਗੀ। ਅਪ੍ਰੈਲ 12 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਲੇਰਕੋਟਲੇ ਸ਼ਹੀਦੀ ਸਮਾਰਕ ਤੇ ਕਾਰ ਸੇਵਾ ਵਾਲਿਆਂ ਨੂੰ ਦਰਸ਼ਨ ਦੇਣ ਲਈ ਗਏ। ਮੈਂ ਵੀ ਆਪਣੇ ਮਾਤਾ-ਪਿਤਾ ਨਾਲ ਉੱਥੇ ਗਈ। ਮੈਂ ਫੇਰ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕੀਤੀ, " ਮੇਰਾ ਕਿਤੇ ਨੌਕਰੀ ਦਾ ਪ੍ਰਬੰਧ ਕਰ ਦਿਓ। ਮੈਂ ਆਪਣੀ ਬੱਚੀ ਪਾਲ ਸਕਾਂ। ਮੈਂ ਅੱਗੋਂ ਵਿਆਹ ਨਹੀਂ ਕਰਾਉਣਾ ਚਾਹੁੰਦੀ"। ਸੱਚੇ ਪਾਤਸ਼ਾਹ ਜੀ ਨੇ ਫੇਰ ਉਹੀ ਬਚਨ ਦ੍ਰਿੜਾਇਆ "ਸੋਚ ਕੇ ਦੱਸਾਂਗਾ"। ਮੈਂ ਫੇਰ ਲੁਧਿਆਣੇ ਆਈ। ਮੇਰੇ ਪਲ-ਪਲ ਸਦੀਆਂ ਵਰਗੇ ਹੋਣ ਲੱਗੇ। ਪ੍ਰੰਤੂ 15 ਕੁ ਦਿਨਾਂ ਬਾਦ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਭੈਣੀ ਸਾਹਿਬ ਆਉਣ ਲਈ ਫੋਨ ਕੀਤਾ। ਅਸੀਂ ਫਟਾਫਟ ਭੈਣੀ ਸਾਹਿਬ ਪਹੁੰਚ ਗਏ। ਸਤਿਗੁਰੂ ਜੀ ਨੇ ਮੇਰੇ ਪਿਤਾ ਜੀ ਨੂੰ ਕਿਹਾ, " ਮੈਂ ਸੋਚਦਾਂ, ਰਜਿੰਦਰ ਦਾ ਵਿਆਹ ਕਰ ਦਿਆਂ ਤੇ ਬੱਚੀ ਉਸਦੇ ਦਾਦਕਿਆਂ ਨੂੰ ਸੌਂਪ ਦੇਈਏ"। ਸੋ ਸੱਚੇ ਪਾਤਸ਼ਾਹ ਜੀ ਦਾ ਹੁਕਮ ਸਿਰ ਮੱਥੇ ਪ੍ਰਵਾਨ ਕਰਕੇ ਬੱਚੀ ਦਾਦਾ-ਦਾਦੀ ਨੂੰ ਸੌਂਪ ਦਿੱਤੀ ਗਈ। ਬੱਚੀ ਦੇਣ ਤੋਂ ਬਾਦ ਮੈਂ ਹੋਰ ਇਕੱਲੀ ਹੋ ਗਈ। ਪੂਰੇ ਛੇ ਮਹੀਨੇ ਮੈਂ ਆਪਣੇ ਪੇਕੇ ਰਹੀ। ਮੈਂ ਉਨ੍ਹਾਂ ਛੇ ਮਹੀਨਿਆਂ ਵਿੱਚ ਜਿਵੇਂ 6 ਸਦੀਆਂ ਜੀ ਲਈਆਂ ਹੋਣ। ਦੂਰੋਂ ਨੇੜਿਉਂ ਭਾਂਤ-ਭਾਂਤ ਘਰਾਂ ਵਿੱਚੋਂ ਬੇਜੋੜੇ ਰਿਸ਼ਤੇ ਆਉਣ ਲੱਗੇ। ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਇਹ ਸਮਾਜ ਜਾਂ ਰਿਸ਼ਤੇਦਾਰ ਮੈਨੂੰ ਵਿਧਵਾ ਹੋਣ ਦੀ ਸਜ਼ਾ ਦੇ ਰਹੇ ਹੋਣ। ਮੇਰੀ ਮਾਨਸਿਕ ਪੀੜਾ ਦਿਨ-ਬ-ਦਿਨ ਵਧੀ ਜਾਵੇ। ਮੈਂ ਮਹਿਸੂਸ ਕੀਤਾ ਕਿੰਨਾ ਕੰਡਿਆਂ ਭਰਿਆ ਜੀਵਨ ਹੈ, ਇੱਕ ਵਿਧਵਾ ਦਾ। ਹਰ ਵਕਤ ਰੋਣਾ ਅਤੇ ਚਿੰਤਾ ਮੇਰੇ ਜੀਵਨ ਦਾ ਜਿਵੇਂ ਹਿੱਸਾ ਹੋ ਗਿਆ ਹੋਵੇ।

ਅਖੀਰ 31 ਅਕਤੂਬਰ 1994 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਚਹੇਤੇ ਨੌਜਵਾਨ ਸਿੱਖ ਸ:ਜਗਦੀਸ਼ ਸਿੰਘ ਪੰਨੂ ਨਾਲ ਮੇਰਾ ਵਿਆਹ ਕਰ ਦਿੱਤਾ। ਜਦੋਂ ਮੇਰੀਆਂ ਲਾਂਵਾਂ ਹੋਕੇ ਹਟੀਆਂ ਤਾਂ ਮੈਂ ਅਤੇ ਮੇਰੇ ਪਤੀ ਸ: ਜਗਦੀਸ਼ ਸਿੰਘ ਜੀ ਨੇ ਜਿਉਂ ਹੀ ਸੱਚੇ ਪਾਤਸ਼ਾਹ ਜੀ ਨੂੰ ਮੱਥਾ ਟੇਕਣ ਲਈ ਅੱਗੇ ਵਧਣਾ ਚਾਹਿਆ ਤਾਂ ਸੱਚੇ ਪਾਤਸ਼ਾਹ ਜੀ ਫਟਾਫਟ ਆਸਣ ਉੱਤੇ ਖਲੋਤਿਆਂ ਹੀ ਮੇਰੇ ਪਤੀ ਨੂੰ ਘੁੱਟ ਕੇ ਜੱਫੀ ਵਿਚ ਲੈਂਦਿਆਂ ਬਚਨ ਕੀਤਾ, 'ਤੂੰ ਖੁਸ਼ ਏਂ?' ਨਾਲ ਹੀ ਦੂਸਰਾ ਬਚਨ, 'ਮੈਂ ਤਾਂ ਅੱਜ ਬਹੁਤ ਖੁਸ਼ ਹਾਂ'। ਉਦੋਂ ਹੀ ਹੁਕਮ ਕੀਤਾ ਕਿ ਚੰਡੀ ਦੀ ਵਾਰ ਦੇ ਪਾਠ ਤੋਂ ਬਾਅਦ ਕੋਠੀ ਆ ਜਾਵੋ। ਜਦੋਂ ਅਸੀਂ ਕੋਠੀ ਵਿਚ ਗਏ ਤਾਂ ਸੱਚੇ ਪਾਤਸ਼ਾਹ ਜੀ ਮੈਨੂੰ ਮੁਖਾਤਿਬ ਹੁੰਦਿਆਂ ਬਚਨ ਕੀਤਾ, 'ਮੈਨੂੰ ਪਤਾ ਹੈ ਤੂੰ ਮੈਨੂੰ ਬਹੁਤ ਪਿਆਰ ਕਰਦੀ ਏਂ। ਇਹ ਮੁੰਡਾ ਵੀ ਮੈਨੂੰ ਉਨਾ ਹੀ ਪਿਆਰ ਕਰਦਾ ਹੈ, ਜਿੰਨਾ ਤੂੰ। ਮੈਨੂੰ ਇਸ ਤੋਂ ਵਧੀਆ ਮੁੰਡਾ ਤੇਰੇ ਲਈ ਨਹੀਂ ਲੱਭਾ। ਇਸ ਕਰਕੇ ਮੈਂ ਤੇਰਾ ਵਿਆਹ ਇਸ ਨਾਲ ਕੀਤਾ ਹੈ। ਹੁਣ ਤੁਸੀਂ ਦੋਵੇਂ ਮੈਨੂੰ ਬਹੁਤ ਪਿਆਰੇ ਲੱਗਦੇ ਹੋ। ਮੈਂ ਵੀ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ'।ਮੈਂ ਸਤਿਗੁਰੂ ਜੀ ਦਾ ਬਖਸ਼ਿਸ਼ ਰੂਪੀ ਪਿਆਰ ਲੈ ਕੇ ਕਿੱਥੇ ਤੋਂ ਕਿੱਥੇ ਪਹੁੰਚ ਗਈ ਹਾਂ, ਮੇਰੀ ਕਲਮ ਤਾਂ ਇਸ ਨੂੰ ਬਿਆਨ ਵੀ ਨਹੀਂ ਕਰ ਸਕਦੀ। ਬੱਸ ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਡੀ ਝੋਲੀ ਖੁਸ਼ੀਆਂ ਹੀ ਖੁਸ਼ੀਆਂ ਨਾਲ ਭਰ ਦਿੱਤੀ।

**ਬਾਕੀ ਸਫ਼ਾ 26 'ਤੇ..................**

# ਸਤਿਗੁਰ ਕੀਨੋ ਪਰਉਪਕਾਰ

✍- ਸੂਬਾ ਬਲਵਿੰਦਰ ਸਿੰਘ ਝੱਲ

ਕਲਯੁਗੀ ਜੀਆਂ ਦੇ ਆਧਾਰ ਲਈ ਗੁਰਬਾਣੀ ਹਮੇਸ਼ਾਂ ਹੀ ਸਾਡਾ ਮਾਰਗ ਦਰਸ਼ਨ ਕਰਦੀ ਹੈ। ਅਜੋਕੇ ਸਮੇਂ ਵਿਚ ਗੁਰਬਾਣੀ ਨੂੰ ਪੜ੍ਹਦੇ ਸਮੇਂ ਜਿਥੇ ਵੀ ਪਰਉਪਕਾਰ ਸ਼ਬਦ ਆਉਂਦਾ ਹੈ ਉਥੇ ਹੀ ਰੁਕ ਕੇ ਹਰ ਜਿਗਿਆਸੂ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਇਹ ਪਰਉਪਕਾਰ ਕਰ ਕਉਣ ਸਕਦਾ ਹੈ। ਕਿਉਂਕੇ ਪਰਉਪਕਾਰ ਕਰਣ ਲਈ ਉਸ ਪ੍ਰਾਣੀ ਦਾ ਹਿਰਦਾ ਵਿਸ਼ਾਲ ਹੋਣਾ ਜਰੂਰੀ ਹੈ। ਵਿਸ਼ਾਲ ਭਾਵ ਵੱਡੇ ਹਿਰਦੇ ਦਾ ਮਾਲਕ ਹੀ ਦੂਸਰੇ ਤੇ ਪਰਉਪਕਾਰ ਕਰ ਸਕਦਾ ਹੈ। ਸ੍ਰੀ ਸਤਿਗੁਰੂ ਅਰਜਨ ਦੇਵ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ ਕਿ "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥" ਕਿ ਬ੍ਰਹਮ ਗਿਆਨ ਦੀ ਅਵਸਥਾ ਧਾਰੀ ਵਿਅਕਤੀ ਹੀ ਪਰਉਪਕਾਰ ਕਰ ਸਕਦਾ ਹੈ ਅਤੇ ਉਸਦੇ ਹਿਰਦੇ ਵਿਚ ਦੂਸਰੇ ਤੇ ਪਰਉਪਕਾਰ ਕਰਨ ਦਾ ਹਮੇਸ਼ਾ ਚਾਅ ਭਾਵ ਖੁਸ਼ੀ ਹੁੰਦੀ ਹੈ ਅਤੇ ਗੁਰਬਾਣੀ ਦੀਆਂ ਹੋਰ ਅਨੇਕਾਂ ਪੰਗਤੀਆਂ, ਬ੍ਰਹਮਗਿਆਨੀ ਦੀ ਅਵਸਥਾ ਦੇ ਧਾਰਨੀ, ਵਿਸ਼ਾਲ ਹਿਰਦੇ ਦੇ ਮਾਲਕ ਅਤੇ ਨਾਨਕ ਨਿਰੰਕਾਰ ਦੀ ਜੋਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੁੱਚੇ ਜੀਵਨ ਨੂੰ ਰੂਪਵਾਨ ਕਰਦੀਆਂ ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਉਹਨਾਂ ਨੇ ਇਕੱਲੇ ਕੌਡੇ ਰਾਖਸ਼ ਜਾਂ ਇਕੱਲੇ ਦੇਵ ਲੂਤ ਵਰਗਿਆਂ ਦਾ ਜੀਵਨ ਹੀ ਨਹੀਂ ਬਦਲਿਆ ਸਗੋਂ ਅਨੇਕਾਂ ਹੀ ਰਾਖਸ਼ ਬੁੱਧੀ ਦੇ ਲੋਕਾਂ ਨੂੰ ਗਿਆਨ ਦੀ ਪ੍ਰਾਪਤੀ ਕਰਵਾ ਕੇ, ਉਹਨਾਂ ਦਾ ਜੀਵਨ ਬਦਲ ਕੇ ਉਹਨਾਂ ਤੇ ਪਰਉਪਕਾਰ ਕੀਤਾ। ਜਿਹੜੇ ਇਤਿਹਾਸ ਦੀ ਸੁਰਖੀਆਂ ਵਿੱਚ ਨਹੀ ਆਏ ਉਹਨਾਂ ਦੀ ਗਿਣਤੀ ਨਹੀ ਕੀਤੀ ਜਾ ਸਕਦੀ। ਇਸੇ ਤਰਾਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਦੀ ਤੁਲਨਾ ਕਰਨ ਲੱਗਿਆਂ ਸਮੁੰਦਰ ਦੀ ਉਦਾਹਰਨ ਵੀ ਦਿੱਤੀ ਜਾਵੇ ਤਾਂ ਮੈਨੂੰ ਇਸ ਤਰਾਂ ਜਾਪਦਾ ਹੈ ਕਿ ਸਮੁੰਦਰ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਅੱਗੇ ਛੋਟਾ ਨਜ਼ਰ ਆਉਂਦਾ ਹੈ। ਇਸ ਕਰਕੇ ਅਨੇਕਾਂ ਸਮੁੰਦਰ ਵੀ ਇਕੱਠੇ ਕਰ ਲਏ ਜਾਣ ਤਾਂ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਵਿਸ਼ਾਲ ਹਿਰਦੇ ਦੀ ਬਰਾਬਰਤਾ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੀਤੇ ਹੋਏ ਪਰਉਪਕਾਰਾਂ ਦੀ ਗਿਣਤੀ ਵੱਡੇ ਤੋਂ ਵੱਡੇ ਗਿਣਤੀਕਾਰ ਵੀ ਨਹੀਂ ਕਰ ਸਕਦੇ ਜੋ ਉਹਨਾਂ ਸਮੁੱਚੀ ਮਾਨਵਤਾ ਦੇ ਭਲੇ ਲਈ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਦੀ ਕਿਸੇ ਦਾ ਧਰਮ, ਮਜ੍ਹਬ ਜਾਂ ਜਾਤ ਨਹੀ ਵੇਖੀ ਕਿ ਇਹ ਹਿੰਦੂ ਹੈ, ਮੁਸਲਮਾਨ ਹੈ, ਸਿੱਖ ਹੈ ਜਾਂ ਕਿਸੇ ਹੋਰ ਸੰਪ੍ਰਦਾਏ ਨਾਲ ਸਬੰਧ ਰੱਖਦਾ ਹੈ। ਇਹਨਾਂ ਸਾਰੀਆਂ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਲੰਘਦੇ ਹੋਏ ਅਨੇਕਾਂ ਹੀ ਅਜਿਹੇ ਮਨੁੱਖਾਂ ਤੇ ਪਰਉਪਕਾਰ ਕੀਤੇ ਜਿਹਨਾਂ ਦਾ ਨਾਮਧਾਰੀ ਪੰਥ ਨਾਲ ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ। ਪਰਉਪਕਾਰ ਕਰਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਸਿਧਾਂਤ ਨੂੰ ਅੱਗੇ ਰੱਖਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਦੇ ਸਮੁੰਦਰ ਵਿਚੋਂ ਇਥੇ ਇੱਕ ਘਟਨਾ ਦਾ ਜਿਕਰ ਕਰਾਂਗਾ ਕਿ ਕਿਸ ਤਰ੍ਹਾਂ ਇਕ ਮਨੁੱਖ ਜਿਸਦਾ ਨਾਮਧਾਰੀ ਪੰਥ ਨਾਲ ਦੂਰ ਦੂਰ ਦਾ ਵੀ ਵਾਹ ਨਹੀਂ ਸੀ ਅਤੇ ਉਸਦਾ ਨਾਮਧਾਰੀ ਬਣਨ ਤੋਂ ਪਹਿਲਾਂ ਦਾ ਜੀਵਨ ਸਰਬਨਸ਼ਈ ਵਾਲੇ ਇਨਸਾਨ ਦੇ ਜੀਵਨ ਨਾਲੋਂ ਘੱਟ ਨਹੀਂ ਸੀ। ਜਿਸਨੂੰ ਇਕ ਮਕਸ ਬੁੱਧੀਵਾਨਾਂ ਜੀਵਨ ਕਹਿ ਦਿਤਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਇਹ ਘਟਨਾ ਮਾਲਵੇ ਇਲਾਕੇ ਦੇ ਜਿਲ੍ਹੇ ਸੰਗਰੂਰ ਦੀ ਇਤਿਹਾਸਿਕ ਧਰਤੀ ਤਹਿਸੀਲ ਮਾਲੇਰਕੋਟਲੇ ਦੇ ਪਿੰਡ ਸਲੇਮਪੁਰ ਸ. ਪਿਆਰਾ ਸਿੰਘ ਦੇ ਘਰ 1952 ਵਿਚ ਜਨਮੇ ਸ. ਆਸਾ ਸਿੰਘ ਦੇ ਜੀਵਨ ਨਾਲ ਸੰਬੰਧਿਤ ਹੈ। ਗਰਾਇਆਂ ਗੋਤ ਦੇ ਜੱਟਾਂ ਦੇ ਘਰ ਜਨਮੇ ਇਕਲੋਤੇ ਪੁੱਤਰ ਸ. ਆਸਾ ਸਿੰਘ ਨੂੰ ਵੀ ਮਾੜੀ ਸੰਗਤ ਦੇ ਪ੍ਰਭਾਵ ਨੇ ਦਬੋਚਿਆ ਹੋਇਆ ਸੀ। ਹਰ ਪ੍ਰਕਾਰ ਦੇ ਨਸ਼ੇ ਦਾ ਆਦੀ ਹੋਣ ਕਾਰਨ ਮਾਤਾ-ਪਿਤਾ ਦੀ ਚਿੰਤਾ ਵਧਣੀ ਸੁਭਾਵਿਕ ਸੀ ਪ੍ਰੰਤੂ ਮਾਤਾ-ਪਿਤਾ ਦੀ ਚਿੰਤਾ ਦਾ ਭਰ ਜੁਆਨੀ ਵਿਚ ਆਸਾ ਸਿੰਘ ਤੇ ਕੋਈ ਅਸਰ ਨਹੀਂ ਸੀ। ਏਸੇ ਹੀ ਰੰਗ ਵਿਚ ਜਿੰਦਗੀ ਦੇ 32-33 ਸਾਲ ਬਤੀਤ ਕਰ ਚੁੱਕੇ ਆਸਾ ਸਿੰਘ ਦਾ ਜੀਵਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੇਹਰ ਭਰੀ ਤੱਕਣੀ ਨੇ ਬਦਲ ਕੇ ਰੱਖ ਦਿੱਤਾ ਅਤੇ 'ਨਦਰੀ ਨਦਰਿ ਨਿਹਾਲ' ਵਾਲੀ ਗੁਰਬਾਣੀ ਦੀ ਪੰਗਤੀ ਨੂੰ ਰੂਪਮਾਨ ਕਰਕੇ ਰੱਖ ਦਿੱਤਾ।

ਘਟਨਾ 1985 ਦੇ ਦਸੰਬਰ ਮਹੀਨੇ ਦੀ ਹੈ ਕਿ ਜਦੋਂ ਆਸਾ ਸਿੰਘ ਨੂੰ ਇਕ ਨਾਮਧਾਰੀ ਸ. ਪ੍ਰੇਮ ਸਿੰਘ ਨੇ ਇਕ ਨਾਮਧਾਰੀ ਸਿੰਘ ਭਗਵਾਨ ਸਿੰਘ ਦੇ ਘਰ ਆਉਣ ਲਈ ਆਖਿਆ ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਸਾ ਦੀ ਵਾਰ ਵਿਚ ਅੰਮ੍ਰਿਤ ਵੇਲੇ ਦਰਸ਼ਨ ਦੇਣ ਲਈ ਆ ਰਹੇ ਸਨ। ਇਸ ਤੋਂ ਪਹਿਲਾਂ ਆਸਾ ਸਿੰਘ ਅਨੇਕਾਂ ਹੀ ਸੰਪ੍ਰਦਾਵਾਂ ਦੇ

ਦੀ ਸੰਗਤ ਕਰ ਚੁੱਕਾ ਸੀ ਪ੍ਰੰਤੂ ਗੁਰਬਾਣੀ ਅਨੁਸਾਰ, 'ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ' ਵਾਂਗ ਕਿਤੇ ਵੀ ਆਸਾ ਸਿੰਘ ਦਾ ਮਨ ਨਾ ਪਤੀਜਿਆ ਅਤੇ ਕਿਤੇ ਵੀ ਅੱਜ ਤੱਕ ਮਨ ਨੂੰ ਸ਼ਾਂਤੀ ਨਹੀਂ ਮਿਲੀ ਸੀ।

ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੇਹਰ ਭਰੀ ਤੱਕਣੀ ਨਾਲ, 'ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ' ਵਾਲੀ ਗੁਰਬਾਣੀ ਦੀ ਪੰਗਤੀ ਪਰੀ ਪੂਰਨ ਹੁੰਦੀ ਜਾਪੀ। ਨਾਮਧਾਰੀ ਸਿੰਘ ਪ੍ਰੇਮ ਸਿੰਘ ਦੇ ਕਹਿਣ ਤੇ ਆਸਾ ਸਿੰਘ ਤੜਕੇ ਕੇਸੀਂ ਇਸ਼ਨਾਨ ਕਰਕੇ ਆਇਆ ਸੀ। ਆਸਾ ਦੀ ਵਾਰ ਦੇ ਕੀਰਤਨ ਸਮੇਂ ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਆਸਣ ਤੇ ਸੁਭਾਇਮਾਨ ਸਨ। ਆਣ ਮੱਥਾ ਟੇਕਿਆ ਅਤੇ ਨੇੜੇ ਹੀ ਸਾਹਮਣੇ ਸੰਗਤ ਵਿਚ ਬੈਠ ਗਿਆ।ਬੈਠਣ ਤੋਂ ਕੁਝ ਸਮੇਂ ਬਾਅਦ ਆਸਾ ਸਿੰਘ ਨੇ ਵੇਖਿਆ ਕਿ ਸ੍ਰੀ ਸਤਿਗੁਰੂ ਜੀ ਮੇਰੇ ਵੱਲ ਨਿਗ੍ਹਾ ਭਰ ਕੇ ਵੇਖ ਰਹੇ ਹਨ। ਜਦੋਂ ਸਤਿਗੁਰੂ ਜੀ ਆਸਾ ਸਿੰਘ ਨਾਲ ਨਜ਼ਰ ਮਿਲਾਈ ਤਾਂ ਮਨ ਹੀ ਮਨ ਵਿਚ ਆਸਾ ਸਿੰਘ ਇਕਦਮ ਡਰ ਗਿਆ ਅਤੇ ਦੂਸਰੇ ਪਾਸੇ ਵੇਖਣ ਲੱਗ ਪਿਆ। ਕੁਝ ਸਮੇਂ ਬਾਅਦ ਫੇਰ ਉਸੇ ਤਰ੍ਹਾਂ ਹੀ ਹੋਇਆ ਅਤੇ ਆਸਾ ਸਿੰਘ ਨੂੰ ਜਾਪਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਵੱਲ ਹੀ ਵੇਖ ਰਹੇ ਹਨ। ਮਨ ਵਿਚ ਹੋਰ ਡਰ ਵੱਧ ਗਿਆ ਕਿ ਸਤਿਗੁਰੂ ਨੂੰ ਕਿਸੇ ਨੇ ਮੇਰੇ ਬਾਰੇ ਸਭ ਕੁਝ ਦੱਸ ਦਿੱਤਾ ਹੈ ਕਿ ਬੰਦਾ ਬੜਾ ਨਸ਼ਈ ਆਦਮੀ ਹੈ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੂੰ ਪ੍ਰੇਮ ਸਿੰਘ ਵੱਲੋਂ ਅਰਜ ਕੀਤੀ ਗਈ ਕਿ ਆਪ ਜੀ ਕਿਰਪਾ ਕਰੋ ਇਹ ਸਿੰਘ ਆਸਾ ਸਿੰਘ ਹੈ ਅਤੇ ਇਸ ਦਾ ਜੀਵਨ ਬੜਾ ਬਿਖੜੇ ਪੈਂਡੇ ਵਾਲਾ ਹੈ। ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਫਿਰ ਇਕ ਵਾਰ ਆਸਾ ਸਿੰਘ ਵੱਲ ਨਜ਼ਰ ਭਰ ਕੇ ਤੱਕਿਆ ਅਤੇ ਬਚਨ ਕੀਤਾ ਕਿ ਸੂਬਾ ਮੇਵਾ ਸਿੰਘ ਨੂੰ ਆਖੋ ਕਿ ਇਸ ਨੂੰ ਭਜਨ ਦੱਸ ਦੇਣ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭਜਨ ਪੁੱਛ ਆਸਾ ਸਿੰਘ ਆਪਣੇ ਘਰ ਵਾਪਸ ਪਰਤਿਆ ਅਤੇ ਸ੍ਰੀ ਸਤਿਗੁਰੂ ਜੀ ਭੈਣੀ ਸਾਹਿਬ ਵਾਪਸੀ ਚਾਲੇ ਪਾ ਦਿੱਤੇ।

ਘਰ ਵਾਪਸ ਆਉਂਦੇ ਆਉਂਦੇ ਅਨੇਕਾਂ ਉਤਾਰ ਚੜ੍ਹਾ ਮਨ ਦੇ ਖਿਆਲਾਂ ਵਿਚ ਆਏ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਿਆਰ ਭਰੀ ਤੱਕਣੀ ਮਨ ਵਿਚ ਵਸੀ ਹੋਣ ਕਰਕੇ ਕਿਸੇ ਵੀ ਨਸ਼ੇ ਵਾਲੇ ਪਾਸੇ ਨੂੰ ਜਾਣ ਦਾ ਮਨ ਨਾ ਕੀਤਾ। ਦਿਨ ਗੁਜਰਨ ਲੱਗੇ ਅੱਜ-ਹੋਰ ਕੱਲ੍ਹ-ਹੋਰ ਗੁਰੂ ਦੀ ਕਿਰਪਾ ਅਤੇ ਨਾਮ ਦੀ ਰੰਗਣ ਨੇ ਆਪਣਾ ਰੰਗ ਵਖਾਉਣਾ ਸ਼ੁਰੂ ਕਰ ਦਿੱਤਾ।

**ਬਾਕੀ ਸਫ਼ਾ 30 'ਤੇ.......**

**.........ਬਾਕੀ ਸਫ਼ਾ 24 ਦੀ (ਸਤਿਗੁਰੂ ਜੀ ਦੀ ....)**

ਬੱਸ ਫੇਰ ਕੀ ਸੀ, ਹਰ ਰੋਜ਼ ਨਵੀਂ ਖੁਸ਼ੀ, ਨਵਾਂ ਬਚਨ ਭਾਵ ਖੁਸ਼ੀਆਂ ਦੀ ਬਰਸਾਤ। ਮੇਰੇ ਪਤੀ ਨੂੰ ਸੱਚੇ ਪਾਤਸ਼ਾਹ ਬਹੁਤ ਪਿਆਰ ਕਰਦੇ ਅਤੇ ਜਗਦੀਸ਼ ਜੀ ਵੀ ਇਸ ਗੱਲ ਨੂੰ ਮਹਿਸੂਸ ਕਰਦੇ ਕਿ ਸੱਚੇ ਪਾਤਸ਼ਾਹ ਜੀ ਵੱਲੋਂ ਏਨਾ ਭਰਵਾਂ ਤੇ ਰੱਜਵਾਂ ਪਿਆਰ ਸਿਰਫ ਸੱਚੇ ਪਾਤਸ਼ਾਹ ਜੀ ਦਾ ਵਿਆਹ ਕਰਵਾਉਣ ਵਾਲਾ ਹੁਕਮ ਮੰਨਣ ਕਰਕੇ ਹੀ ਮਿਲ ਰਿਹਾ ਹੈ ਕਿਉਂਕਿ ਉਹ ਅਜੇ ਇੰਜਨਿਅਰਿੰਗ ਦੀ ਪੜ੍ਹਾਈ ਕਰ ਰਹੇ ਸਨ ਅਤੇ ਕੁਆਰੇ ਹੀ ਸਨ। ਵਿਆਹ ਤੋਂ ਇਕ ਸ਼ਾਮ ਪਹਿਲਾਂ ਪ੍ਰਤਾਪ ਮੰਦਰ ਵਿਚ ਬੈਡਮਿੰਟਨ ਖੇਡਦਿਆਂ ਹੀ ਜਗਦੀਸ਼ ਜੀ ਨੂੰ ਇਕ ਪਾਸੇ ਲਿਜਾਕੇ ਮੋਢੇ ਤੋਂ ਫੜ ਕੇ ਕੁਰਸੀ ਤੇ ਬਿਠਾਂਦਿਆਂ ਸਤਿਗੁਰੂ ਜੀ ਨੇ ਬਚਨ ਕੀਤਾ, 'ਦੀਸ਼ੇ! ਤੂੰ ਮੇਰੀਆਂ ਖੁਸ਼ੀਆਂ ਲੈਣੀਆਂ ਨੇ?' ਮੇਰੇ ਪਤੀ ਦਾ ਜਵਾਬ ਸੀ, 'ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ। ਸੱਚੇ ਪਾਤਸ਼ਾਹ ਜੀ ਦੁਨੀਆ ਤਾਂ ਇੰਨੇ-ਇੰਨੇ ਪੈਸੇ ਖਰਚ ਕੇ ਮੇਲੇ ਕਰਵਾਉਂਦੀ ਹੈ ਆਪ ਜੀ ਦੀ ਇਕ ਖੁਸ਼ੀ ਲੈਣ ਲਈ। ਮੈਨੂੰ ਆਪ ਜੀ ਉਂਝ ਹੀ ਖੁਸ਼ੀਆਂ ਦੇ ਰਹੇ ਹੋ। ਮੈਨੂੰ ਹੋਰ ਕੀ ਚਾਹੀਦਾ'। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, 'ਜੇ ਮੈਂ ਤੈਨੂੰ ਹੁਣੇ, ਏਥੇ ਹੀ ਵਿਆਹ ਕਰਵਾਉਣ ਨੂੰ ਕਿਹਾ ਤਾਂ, ਮੇਰੇ ਪਤੀ ਦਾ ਜਵਾਬ ਸੀ, 'ਸੱਚੇ ਪਾਤਸ਼ਾਹ ਜੀ ਮੈਂ ਤਾਂ ਪਜਾਮਾ ਹੀ ਲਾਹੁਣਾ ਹੈ' (ਕਿਉਂਕਿ ਸਤਿਗੁਰੂ ਜੀ ਦੀ ਮਰਿਯਾਦਾ ਅਨੁਸਾਰ ਅਨੰਦ ਕਾਰਜ ਸਮੇਂ ਮੁੰਡੇ ਨੇ ਪਜ਼ਾਮਾ ਨਹੀਂ ਪਹਿਨਿਆ ਹੁੰਦਾ)। ਸੱਚੇ ਪਾਤਸ਼ਾਹ ਜੀ, 'ਚੰਗਾ ਫੇਰ ਸਵੇਰੇ ਪਜਾਮਾ ਲਾਹ ਕੇ ਵਾਰ ਵਿਚ ਆ ਜਾਵੀਂ, ਮੈਂ ਤੇਰਾ ਵਿਆਹ ਕਰਨਾ ਹੈ।' ਵਿਆਹ ਤੋਂ ਚਾਰ ਮਹੀਨੇ ਬਾਅਦ ਮੈਂ ਰਾਈਆਂ ਬਸੰਤ ਦੇ ਮੇਲੇ ਤੇ ਕਵਿਤਾ ਪੜੀ। ਸ਼ਾਮੀਂ ਮਾਤਾ ਜੀ ਵਾਲੀ ਕੋਠੀ ਵਿਚ ਪਰਸ਼ਾਦਾ ਛਕਦੇ ਸਮੇਂ ਪਾਤਸ਼ਾਹ ਜੀ ਨੇ ਸਾਨੂੰ ਦੋਹਾਂ ਨੂੰ ਨੇੜੇ ਬੁਲਾਉਂਦਿਆਂ ਬਚਨ ਕੀਤਾ, 'ਅੱਜ ਰਜਿੰਦਰ ਦੀ ਕਵਿਤਾ ਬਹੁਤ ਪਸੰਦ ਕੀਤੀ ਸੰਗਤ ਨੇ'। ਮੇਰੇ ਪਤੀ ਨੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਆਪ ਜੀ ਨੂੰ ਨਹੀਂ ਪਸੰਦ ਆਈ? ਸੱਚੇ ਪਾਤਸ਼ਾਹ ਹੱਸ ਕੇ ਬਚਨ ਕੀਤਾ, 'ਮੈਨੂੰ ਕਵਿਤਾ ਨਾਲੋਂ ਜਿਆਦਾ ਚੰਗੇ ਤੁਸੀਂ ਦੋਵੇਂ ਲੱਗਦੇ ਹੋ'।

ਬੱਸ ਸਾਨੂੰ ਪਿਆਰ ਕਰਦੇ ਅਤੇ ਖੁਸ਼ੀਆਂ ਬਖਸ਼ਦੇ ਹੋਏ ਸਾਡਾ ਭਾਵ ਮੇਰਾ ਜੀਵਨ ਹੀ ਬਦਲ ਕੇ ਰੱਖ ਦਿੱਤਾ। ਬਿਲਕੁਲ ਸੁਦਾਮੇ ਤਰ੍ਹਾਂ। ਮੇਰੇ ਸਾਰੇ ਗਮ ਖੁਸ਼ੀਆਂ ਵਿਚ ਬਦਲ ਦਿੱਤੇ। ਸਾਡਾ ਘਰ-ਬਾਰ, ਕਾਰ-ਵਿਹਾਰ, ਜੀਵਨ ਪੱਧਰ ਕਦੋਂ ਤੇ ਕਿਵੇਂ ਸਵਾਰ ਦਿੱਤਾ, ਪਤਾ ਹੀ ਨਾ ਲੱਗਿਆ। ਸਰੀਰ ਤੇ ਜਿੰਨੇ ਰੋਮ ਹਨ, ਜੇ ਏਨੇ ਜਨਮ ਵੀ ਲਵਾਂ ਤਾਂ ਵੀ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਣ ਨਹੀਂ ਉਤਾਰ ਸਕਦੀ। ਹੁਣ ਵੀ ਜਦੋਂ ਸਤਿਗੁਰੂ ਜੀ ਦੀ ਤਸਵੀਰ ਅੱਗੇ ਖੜੀ ਹੋਵਾਂ ਤਾਂ ਏਦਾਂ ਲੱਗਦਾ ਹੈ, ਜਿਵੇਂ ਕਹਿ ਰਹੇ ਹੋਣ, 'ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ' ਜਾਂ 'ਤੁਸੀਂ ਦੋਵੇਂ ਮੈਨੂੰ ਬਹੁਤ ਪਿਆਰੇ ਲੱਗਦੇ ਹੋ'। **-ਸੀ ਭੈਣੀ ਸਾਹਿਬ,ਸੰਪ:95013-92150**

# Talwandi Gharana-The Redeemer of Rhythm
# One of the Oldest Music Houses of India

✍ – Balbir Singh Kanwal, International Punjab Museum, London,UK

By a common consent, the connoisseurs of music have been considering Gwalior Gharana as the fountain head of North Indian classical music whose patron was Raja Maan Singh Tomar (1486-1517). Due to political upheavals when the Mighty Mughal Empire disintegrated, many Durbari musicians left Delhi and migrated to other places like Patiala, Jaipur, Lucknow, Agra etc. to seek shelter and patronage. It was during this period that all these new gharanas emerged and gradually made a great name. The members of each gharana followed their traditions strictly and worked hard to further spread their gayaki. This was the case with the gharanas which flourished due to princely patronage.

As for Punjab, there were already some gharanas established such as Haryana, Sham Chaurasi (both in the Hoshiarpur District), Talwandi, Qasur, Naushehra Nangal (Amritsar), Patiala and Kapurthala etc. including some Rababi Gharanas of devotional musicians as well. The descendants and adherents of the Talwandi Gharana claim that their gharana is the oldest of them all. They claim vehemently that it was during the times of Babur (1486-1517) that their two Nayaks by the names of Mahagat and Khanda Rai Khanderey, founded the gharana. Lovers of music know that in the field of classical music the most exalted position is given to Nayaks, who not only sing magnificently, but are superb shastrakars (scholar writers) as well. The Talwandiwalas claim that, so far, India has produced fourteen Nayaks, out of which seven belonged to their gharana, the list of which is: Nayak Mahagat, Nayak Khanderey, Nayak Bakhshu, Nayak Baiju Bawra, Nayak Suraj Khan, Nayak Chand Khan and Malik Nathan Khan.

We learn more about the Talwandi Gharana from Principal Agha Sadik (1909-1997), a great Persian scholar and also student of the gharana, who had migrated to Pakistan in 1947. Writing a small book on the Talwandi Gharana, he describes an incident in the life of Baba Rahim Dad Khan, a Durbari musician, as follows, "The king was so impressed with his music that he put all of his three sons, Dara, Shujah and Murad, under his tutelage. It is said that there were 360 musicians in his durbar who were all very jealous of Baba Rahim Dad. Their jealousy grew so much that they thought of a plan to have him dismissed from his service. Together, they hatched a conspiracy to test his musical capabilities. "If Rahim Dad can play Dalla Sen Taal and at the same time we can sing all the four Banis/Vanis (may be Shudh Bani, Gobarhari Bani, Khandari Bani, and Dagar Bani), that will be fine, if not, he should be dismissed from service and sent home." To the amazement of everyone, Baba Rahim Dad won the test. As a result, all the court musicians bowed to his musical prowess, touched his feet and offered nazranas (cash money as a mark of respect). To mark that great occasion, a large

procession was arranged. Baba Rahim Dad was made to sit in a palanquin to which all three sons of Jahangir lent their shoulders!"

Two great books from the medieval times, the Tuzak and the Iqbalnama, mention the following singers of Jahangir's reign: Jahangirdad, Chatr Khan, Parwezdad, Khurramdad, Makhu and Hamza. What a great history of Punjab music! All these six Durbari musicians of Jahangir were the sons of Malik Nathan Khan, really a giantgenius of Talwandi Gharana, who was a pupil of Bhai Mardana's descendants.

So far, we have been reading some scant references in some Sikh sources that Swami Hari Dass was the pupil of Bhai Mardana, which we have been taking with disbelief. But how can we brush aside Ustad Baqir Hussain (1923-2003) - the last doyen of Patiala Gharana - when he says, "Nathe Khan (Nathan Khan) learnt from Bhai Mardana's grandsons". He further says, "During the reign of Akbar, he was the contemporary of Tan Sen and Baiju Bawara. He was really an exemplary musician. It is beyond any comprehension to write about such a great person!" That was the scenario corresponding to the Mughaltimes.

During the Sikh Raj, Maharaja Ranjit Singh also patronized fine arts very lavishly. He took great delight in giving jagirs to men of talent. It is on record that once, as a token of appreciation, he granted the village, Verowal, near Khadoor Sahib, as jagir to Baba Pir Khan of Talwandi. Baba Attar Khan of Talwandi was also a durbari musician of Maharaja Ranjit Singh. His name figures in the 'rozenamchas' (daily diaries) of the Shere-e-Panjab with the following entry:

Events: 9" June, 1813—

Yesterday, the Noble Sarkar kept on listening to the music of Attar Khan, the singer on the flute up to the time when the night has passed four hours."

Like one of his elders Nathan Khan, he also lived six years after the death of Maharaja Ranjit Singh. Maula Dad Khan was born (1845-1930) in Talwandi whose name became famous in the whole of India. He was such a revered figure that many princely states thought it to be a matter of pride to have him in their stables. A bandishkar of rare repute, he was a great scholar and a loveable person.

Ustad Uttam Singh of Amritsar, Pt. Daleep Chander Bedi (1901-1994) and Harish Chander Bali of Jalandhar, Maula Bax Duda, and even his son, Tawakal Hussain Khan (1902-1958) of Jadla District Jalandhar, were all his proud pupils. Pt. Daleep Chander Bedi and Tawakal Hussain achieved great fame. The training of both of them in dhrupad style might have made their base much stronger, but they had changed their genre to khayal ang. Defiant and arrogant, exemplary eloquence and rhythmic control, unique flurry of notational sequences, a rare combination of affront and musicality-that was the picture of Tawakal Khan. His style of singing was a rare combination of various styles. In this respect, if anybody came close to him, it was none other than Ustad Salamat Ali Khan. Tawakal Hussain Khan was the only musician in the country who had the audacity of challenging publicly, stalwarts like Ustad Ashiq Ali Khan, Behre Waheed Khan, Bade Ghulam Ali Khan, Chote Ghulam Ali Khan, Jamal Khan urf Machhar Khan and Umeed Ali Khan for musical bouts. It is different though as his stance and the mood of bellicosity all the time was not liked by everybody. Some people called him eccentric, even partly insane, but there he was!

In 1947, the Talwandi Gharana people fled away to Pakistan and settled in Lyallpur. Mehar Ali Khan (1913-1976) was their leading light. He did not get his voice recorded but handed down his musical tradition to his sons, Mohd. Afzal Khan and Hafeez Khan, who at a later stage recorded their voices in four raagas: Mian ki Malhar, Hussaini Todi, Multani and Adana ki Bahar. As I was in touch with Principal Agha Sadiq, I used to request him to get the voice-recording of some Ustads of Talwandi Gharana. I succeeded a bit but prior to that, another artist of this gharana Ustad Inayat Khan's voice (Raag Bhupali) was recorded by Pakistan Radio Station, Quetta.

After the death of Mehar Ali Khan in 1976, his sons, Mohd. Afzal Khan and Hafeez Khan, carried on their tradition, but due to some unknown reasons, could not get mass following. Around 1967-77, they also visited London with a high-ranking officer Khalid Basra, gave some performances but could not break much ice. Talking about dhrupad, Hafeez Khan always asserted that the singing of dhrupad highlights Islam, and 'alaap in itself means 'Allah! To illustrate his point, he would recite his Khandani 'cheeze' 'Allah Tero Naam' (a bandish in Maalkauns) to begin with which the audience received with mixed feeling of delight and disdain. During their lifetime, the duo struggled hard to keep alive their genre, but with their death nearly ten years ago, dhrupad is now absolutely obsolete in Pakistan.

Regarding dhrupad, Namdhari Durbar, Sri Bhaini Sahib, has been doing a great service especially regarding kirtan and Indian classical music. They are essentially the saviours in this regard. I had the good fortune of listening to Baba Jagjit Singh Ji in London in 1998. I was surprised to learn that even at that advanced age, he remembered a large number of bandishes of Talwandi Gharana. These were learnt by him from the Ustad Udho Khan and his son Ustad Rahim Baksh. Namdhari musicians like Mohan Singh, Sukhdev Singh, Balwant Singh, etc. have carried on the rich legacy of Talwandi Gharana.

So far, we have been writing something or other regarding the achievements of some artists, but not even a single word about Talwandi or its whereabouts. By now, it could be that some of our readers are curious to know something about their roots, the big name called Talwandi. Historians believe that many villages in the Punjab were founded on low-lying areas like ponds (the Holy city of Amritsar was on Dukh Bhanjani Beri) or the river beds. There are many Talwandis in the Punjab like Talwandi Rai Bhoey, Talwandi Sabo etc which are believed to have been founded on such sites. However, at the moment we are concerned with Talwandi which is three 'Kos' from Kot Rai, Tehsil Jagraon in the Ludhiana District. As the relatives of the musicians were scattered in a cluster of small villages like Halwara even Bhadalwadhi etc., they were also considered to be in Talwandi Gharana; according to a Mss. in the British Library in London, founded in 1639. According to another version, it was Akbar, the Mughal King, who gave the village of Talwandi to Malik Nathan Khan in jagir. If we split up the word Talwandi, it would be tal and wandi – tal meaning the underground surface and 'wandi' meaning, the distributor or the giver. So collectively, it would mean the distributor of something oozing forth or emanating from the underneath world. That meaning we may derive from the typical Punjabi word, but as the

author has been in touch with the last doyen of this gharana, Ustad Mehar Ali Khan, in written or spoken language, he would always call it 'Taalwandi'! The meaning would be nearly the same, but in fact, in musical parlance - 'Taal' means rhythmic cycles – the essential element of time and rhythm in Indian music and 'wandi' again meaning the distributer. A saying goes by that if any artist is not in sur, that much it can go, but any 'betala (out of rhythm) has no place in Indian music. As two things, sur (tone of definite pitch) and taal are basic and Talwandiwalas have always been putting it on the top. So according to their interpretations, that is the reason why their gharana was named as such. To deliver the finale, we would like to end up with a bandish in Malkauns (Taal Soolfakhta) of Ustad Mehar Ali Khan which sums up the characteristics of Talwandi Gharana:

ਅਸਥਾਈ

'ਖੁਦ ਰੰਗ' ਪੀਆ ਕੀ ਐਸੀ ਅਨੋਖੀ ਛਾਲ,
ਸ਼ੁੱਧ ਤਾਨ, ਸ਼ੁੱਧ ਰਾਗ।

ਅੰਤਰਾ

ਇਕ ਗਾਵਤ ਮਰਦੰਗ, ਬਾਜੇ
ਖੁਦ ਗਾਵਤ ਦੇ ਦੇ ਤਾਲ।

Like some other gharanas, Talwandi Gharana has also been that of dhrupad which is not easy to sing. It is so exacting and demanding that according to an old saying, "Only that person should sing dhrupad who has the strength of five buffaloes." The distinctive qualities of the style are the emphasis on maintaining the purity of the raagas and the elegance with which the 'swars' are used. The compositions of Talwandi display highly complex rhythmic variations. In some Persian sources, the gharanas name is written as 'Talmandi' meaning market of taals.

Indian classical music is just like an ocean. It is seven fathoms deep. An ordinary person like myself cannot describe the enormity of its depth. In this small piece, which I have done, there could be many mistakes or inaccuracies. There could be certain things that might seem exaggerated. Whatever I have written, it is based on my lifelong research and some documents that I have been collecting over the years.

In the end, I am grateful to my revered Guru Ustad Karam Singh Chakarvarti, MA Sheikh Sahib, my friends Gurbakhsh Singh, Mohd. Ayub Aulia and Ustad Ghulam Hyder of Pakistan-who have all been a great source of inspiration for me.

**.....ਬਾਕੀ ਸਫਾ 26 ਦੀ (ਸਤਿਗੁਰ ਕੀਨੋ....)**

ਇਸ ਤੋਂ ਅੱਗੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੀ-ਕੀ ਬਖਸ਼ਿਸ਼ਾਂ ਕੀਤੀਆਂ ਕਦੀ ਫਿਰ ਵਿਸਥਾਰ ਵਿਚ ਦੱਸਣ ਦੀ ਕੋਸ਼ਿਸ਼ ਕਰਾਂਗਾ। ਆਸਾ ਸਿੰਘ ਅੱਜ ਆਪਣੇ ਪਰਿਵਾਰ ਵਿਚ ਨਾਮਧਾਰੀ ਪਹਿਰਾਵੇ ਵਿਚ ਰਹਿੰਦਿਆਂ ਸੁਖੀ ਜੀਵਨ ਬਤੀਤ ਕਰ ਰਿਹਾ ਹੈ। ਬਾਅਦ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸਾ ਸਿੰਘ ਦੇ ਘਰ ਇਕ ਗਰੀਬ ਝੁੱਗੀ ਵਿਚ ਚਰਨ ਪਾ ਕੇ ਕਿਵੇਂ ਕਿਰਪਾ ਕੀਤੀ ਉਹ ਵੀ ਇਤਿਹਾਸਿਕ ਇਕ ਵੱਖਰੀ ਹੀ ਸਾਖੀ ਹੈ ਸ੍ਰੀ ਸਤਿਗੁਰੂ ਜੀ ਦੀਆਂ ਇਹ ਸਾਰੀਆਂ ਬਖਸ਼ਿਸ਼ਾਂ ਅੱਗੇ ਸਿਰ ਝੁਕਾਉਂਦਿਆਂ ਹੋਇਆਂ ਗੁਰਬਾਣੀ ਦੀ ਇਹ ਪੰਗਤੀ ਹੀ ਯਾਦ ਆਉਂਦੀ ਹੈ।

ਸਤਿਗੁਰ ਕੀਨੋ ਪਰਉਪਕਾਰ॥
ਕਾਢਿ ਲੀਨ ਸਾਗਰ ਸੰਸਾਰ॥

**-ਸ੍ਰੀ ਭੈਣੀ ਸਾਹਿਬ**
**ਸੰਪ:98154-04225**

# Satguru Jagjit Singh Ji Maharaj

✍ – **Rakesh Dada, Harivallabh Sangeet Mahasabha**

His Holiness Satguru Jagjit Singh Ji Maharaj was an embodiment of divinity. His aura radiated virtues and whomever came in his refuge was showered with blessings. I was fortunate to have his 'darshan' on several occasions as a member of the delegation which visits Sri Bhaini Sahib every year to invite Satguru Maharaj and to seek his blessings for the Harivallabh Sangeet Sammelan. It was an uplifting experience for me as I used to come back with a bounty of his blessings and used to feel recharged with energy.

He enlightened his disciples and humanity in general about the path for man's unification with God by dispelling differences between soul and God; by abandoning human ego and sense of duality. He had directed the disciples to salvation by enabling them to overcome their lust, greed and selfishness. He inspired his disciples to dedicate their lives to service and benevolence of humanity by following the path of meditation.

Music was an integral part of his sublime being. Besides being a spiritual leader, His Holiness Satguru Jagjit Singh Ji had launched a parallel religion - the religion of music. In the history of music, he will always be credited with unmatched passion that sowed seeds of a silent revolution of music in Punjab. It was as early as in 1959 that Satguru Ji had foreseen the dearth of talent in the field of classical music in Punjab. His resolve soon witnessed the initiation of young talent into the world of classical music.

Satguru Jagjit Singh, who himself excelled in Hindustani classical vocal and instrumental music, started imparting knowledge to boys and girls aged between 5 and 10 years. Soon the number began to multiply. The untiring, unrelenting and consistent efforts of Satguru Ji over a period of 10 to 15 years began to bear fruit. Beyond the fast-paced life style of the Punjabis and unnoticed by the powers that be, in a remote village called Sri Bhaini Sahib, known as the seat of the Namdhari sect, the foundation of Hindustani classical vocal and instrumental music was being laid. Though it takes a long time for any serious form of music to gain recognition, Sri Bhaini Sahib saw the rise of many talented musicians, some of whom are now national and international stars.

Satguru Jagjit Singh Ji did not restrict his teachings to his followers alone, but he imparted his knowledge of music to others too; this speaks volumes for his dedication and zeal. Led by his farsightedness, he consciously decided to revive many dying musical instruments of Punjab. As a result of his efforts rabab, dilruba, saranda, sarangi, santoor and sitar have been popularized by his disciples. Hundreds of children in different age groups are today learning to play these instruments and are also being trained in classical vocal music.

Satguru Jagjit Singh, who himself excelled in Hindustani classical vocal and instrumental music, started imparting knowledge to boys and girls aged between 5 and 10 years. Soon the number began to

multiply. The untiring, unrelenting and consistent efforts of Satguru Ji over a period of 10 to 15 years began to bear fruit. Beyond the fast-paced life style of the Punjabis and unnoticed by the powers that be, in a remote village called Sri Bhaini Sahib, known as the seat of the Namdhari sect, the foundation of Hindustani classical vocal and instrumental music was being laid. Though it takes a long time for any serious form of music to gain recognition, Sri Bhaini Sahib saw the rise of many talented musicians, some of whom are now national and international stars.

Satguru Jagjit Singh Ji did not restrict his teachings to his followers alone, but he imparted his knowledge of music to others too; this speaks volumes for his dedication and zeal. Led by his farsightedness, he consciously decided to revive many dying musical instruments of Punjab. As a result of his efforts rabab, dilruba, saranda, sarangi, santoor and sitar have been popularized by his disciples. Hundreds of children in different age groups are today learning to play these instruments and are also being trained in classical vocal music.Satguru Jagjit Singh Ji's name as a renowned musician would also be remembered for having evolved new matras (beats) in tabla playing like 'Paune-Aath' (seven and three quarters), 'Paune-Pandhran (fourteen and three quarters), 'Sava Chaudhan (fourteen and a quarter), 'Sadhe-Satran (seventeen and a half) and Tehran Sahi Saat bata Aath' (thirteen and seven eighth).

As a patron of classical music, he encouraged many artists to make Hindustani classical music their 'Sadhana' before they decide to make it their profession. Renowned and established maestros used to find solace in his presence and often visited Sri Bhaini Sahib to conduct workshops for the upcoming artists.

Shri Baba Harivallabh Sangeet Mahasabha has been fortunate to receive patronage of the Namdhari Guru Sahiban. Satguru Partap Singh Ji Maharaj had showered his blessings during his visits in the forties and early fifties.

Satguru Jagjit Singh Ji Maharaj magnanimously acceded to the request of the Mahasabha and accepted the first “Harivallabh Sangeet Samman” in 1996. It was a small gesture of gratitude from the music fraternity to His Holiness for his unparalleled contribution in preserving and promoting Hindustani classical music. His visit and sermon during the Sangeet Sammelan in 1998 was a morale booster for all present. He had ensured that a delegation from Sri Bhaini Sahib would visit Harballabh Sangeet Sammelan every year and extend moral and financial support for the oldest Sangeet Sammelan of Hindustani classical music in the world.

Satguru Uday Singh Ji too is continuing the tradition and graced the Sangeet Sammelan in 2015 and blessed all present.

"Music is the language of human souls and is the one and only medium which can easily convey human feelings direct to the divine realm. It is a unique and unchallengeable medium that gives the singer supreme delight and transports him to sublime heights, to a state of bliss and godliness”. It is something that Satguru Jagjit Singh Ji had been preaching in his sermons to mankind. I remember him saying, “I tell all those whom Imeet to make music a part of their household.”

Satguru Uday Singh Ji has preserved the great tradition of seeking salvation through music and meditation. With the blessings of the revered “Gurus”, the tradition will certainly thrive in all times to come.

# A SAGA OF
# SRI SATGURU JAGJIT SINGH JI

✍ –Dr. Sharada Jayagovind

At the Vidyalya, Beant ji and his friends learnt the values of hard work, sincerity and truthfulness. Love of the motherland was a virtue instilled in them at every step. Saints such as Sant Takhat Singh imparted the spirit of Namdhari culture and philosophy and inculcated in the students the pride of being a Punjabi and Indian. He was a close associate of Satguru Ram Singh ji. He was known to perform many miracles. On his way to Rangoon to meet Satguru Ram Singh ji, Sant Takhat Singh was detained in Dhaka by the British. The British officer in charge of the prison asked Takhat Singh to display his powers and free himself. The saint answered:

"If He wills, I shall escape."

After a couple of days, Takhat Singh ji unchained himself and escaped from the prison. When Satguru Ram Singh ji came to know of it, he admonished Sant Takhat Singh and said that such divine powers are not for display. Satguru ji advised him to surrender to the British and Takhat Singh ji obeyed the orders of the Satguru and served the term in prison.

Sant Takhat Singh spent a few years in Sri Bhaini Sahib and taught Namdhari philosophy and history to Beant ji and other children at the Vidyalya.

Beant ji's father, Satguru Partap Singh ji, wished that Beant ji would spend his childhood in the company of saints and sages who would provide the moral ground necessary for him to grow into a spiritually empowered individual. He desired that his son be rooted in the native tradition and culture imbibing the values of humanity, truth and compassion.

Music was a major subject of study at this Vidyalya. Great masters taught Hindustani music. Singing the Gurbani and other devotional songs was an integral part of the students' life.

Ustad Bhai Mastan Singh ji, Ustad Bhai Udho Khan ji and Ustad Bhai Taba ji Rababi trained Beant ji and Ballo ji in Hindustani classical music and Gurmat sangeet. Beant ji studied in the academy for twelve years and blossomed into Baba ji, a disciplined and devout Gursikh.

Pandit Jawaharlal Nehru visited the Vidyalya in 1939 and was impressed with the system of education imparted to the children. He also appreciated the melodious and sacred music rendered by the children.

The Vidyalya also laid emphasis on building a good physique and encouraged the students to learn horse-riding, swimming, badminton, football, wrestling and other games. This love of physical fitness inculcated in childhood remained with Satguru Jagjit Singh ji throughout his life. It was a treat to watch him play badminton at the ripe age of eighty.

Pandit Rajinder Singh ji, Kundan Singh Nakai ji, Pritam Singh Kavi ji, Pritam Singh Panchi ji, Tara Singh Ragi ji, Giani Balwant Singh ji, are some of Beant ji's childhood friends with whom he shared a close relationship, which was a bonding for life.

Beant ji's school days were filled with pranks and fun. Once Beant ji told Kundan Singh Nakai, his dear friend, that they had never quarrelled even once. So Nakai ji said:

"Let us stop talking for a month."

The two friends avoided each other's company and, for a month, the self-imposed silence continued. At the end of the month, Beant ji was tired of this game and said:

"Let us put an end to our silence."

Such was the friendship that even if they wanted to quarrel, they could not.

Pandit Rajinder Singh ji who was Beant ji's maternal cousin was very close to him. Once while narrating how Sant Labh Singh Fattay hit one of their classmates, Beant ji demonstrated this with a powerful slap on Rajinder Singh's cheek. Before Rajinder Singh could realise what had happened, Beant ji had disappeared from the scene.

For such pranks, Beant ji was often admonished and corrected by his teachers. Beant ji was very tolerant and accepted whatever punishment was given, without a murmur. He was never conscious of his status as the son of the Satguru. Humility was a natural trait in him.

**to be continue.......**

# ਕਾਵਿ-ਕਿਆਰੀ

## ਇਤਿਹਾਸਕ ਝਾਤੀ

**ਇਹ ਕਵਿਤਾ ਨਾਮਧਾਰੀ ਪੰਥ ਦੇ ਮਹਾਨ ਸਾਹਿਤਕਾਰ ਸ੍ਰ. ਸੁਵਰਨ ਸਿੰਘ ਵਿਰਕ ਜੀ ਨੇ ਪਹਿਲੇ ਵਿੱਦਿਅਕ ਸੰਮੇਲਨ ਸਮੇਂਲਿਖੀ ਸੀ, ਉਸ ਸਮੇਂ ਉਹ ਆਪਣਾ ਤਖ਼ੱਲਸ 'ਨੂਰ' ਵਰਤਦੇ ਸਨ-ਸੰਪਾਦਕ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਪੂਰਨ ਪੁਰਖ, ਅਕਾਲ।
ਅਮੀਂ ਫੁਹਾਰਾਂ ਛੱਡਦਾ, ਮਸਤਕ ਜਿਨ੍ਹਾਂ ਵਿਸ਼ਾਲ।
ਜਗ ਜਲਦੇ ਨੂੰ ਵੇਖ ਕੇ ਰਚੀਓ ਨੇ ਤਦਬੀਰ।
ਨਵੀਂ ਪਨੀਰੀ ਸਿਰਜਣੀ ਸਿਖੀ ਦੀ ਤਸਵੀਰ।
ਪੱਛਮ ਦੀ ਤਹਿਜ਼ੀਬ ਨੇ ਫੈਸ਼ਨ-ਜ਼ਹਿਰ ਖਿੰਡਾਅ।
ਨਵੀਆਂ ਲਗਰਾਂ ਕੀਤੀਆਂ ਉੱਕਾ ਬੇ-ਪਰਵਾਹ।
ਗੁਰਮੁਖ ਸਾਦੇ ਵੇਸ ਨੂੰ, ਨਵੀਂ ਪੌਦ ਨੇ ਤਿਆਗ।
ਆਪ ਮੁਹਾਰੀ ਫੜ ਲਈ, ਫੈਸ਼ਨ-ਪ੍ਰਸਤਿ ਉਪਾਧ।
ਨਵੀਂ ਜਵਾਨੀ ਸੱਦ ਲਈ, ਇਕ ਦਿਨ ਆਪਣੇ ਕੋਲ।
ਭੈਣੀ ਸਾਹਿਬ ਰਚ ਲਿਆ ਇਕ ਮੇਲਾ ਅਨਮੋਲ।
ਤੇਰਾਂ ਤੋਂ ਲੈ ਤੀਹ ਤੱਕ ਪਹੁੰਚੀ ਜਿਨ੍ਹਾਂ ਵਰੇਸ।
ਪੜ੍ਹੇ ਅਜੇਹੇ ਸੱਦ ਲਏ ਕ੍ਰਿਪਾ ਕਰੀ ਵਿਸ਼ੇਸ਼।
ਮਹਿੰਗਾ ਹੀਰਿਓਂ ਵਕਤ ਜੋ ਉਸ ਦੇ ਦਿਨ ਦੇ ਸੱਤ।
ਬੱਚੇ ਲੈ ਗਲ ਵਕੜੀ ਪਿਆਰ ਕੀਤਾ ਨੇ ਅੱਤ।
ਪੂਰਬ ਦੀ ਮਰਿਆਦ ਨੂੰ ਦਿਤਾ ਆਪ ਸਿਖਾ।
ਆਪਣੇ ਵਰਗੇ ਕਰ ਲਏ ਭ੍ਰਿੰਗੀ ਨੇ ਸਮਝਾ।
ਅੰਮ੍ਰਿਤ ਵੇਲੇ ਉਠਦੇ ਉਹ ਮਾਵਾਂ ਦੇ ਲਾਲ।
ਰੱਸਾ ਸੂਰਜ ਚੜ੍ਹ ਪਿਆ, ਜੋ ਨ ਕਰਨ ਸੰਭਾਲ।
ਅੰਮ੍ਰਿਤ ਕੀਰਤਨ ਅਚਵਦੇ, ਆਸਾ ਵਾਰ ਦਾ ਨਿੱਤ।
ਲਾਉਂਦੇ ਰਹੇ ਸਮਾਧੀਆਂ, ਭਜਨ ਵਿਖੇ ਲਾ ਚਿੱਤ।
ਭੁੰਜੇ ਲੇਟਣ ਮੌਜ ਸੰਗ, ਪਲੰਘ ਗਦੇਲੇ ਤਿਆਗ।
ਜਗਤ ਜੀਤ ਦੇ ਪਿਆਰ ਨੇ, ਆਣ ਜਗਾਏ ਭਾਗ।
ਲੰਗਰ ਛਕ, ਹੱਥ ਜੋੜ ਕੇ ਆਪਣੇ ਬਰਤਨ ਮਾਂਜ।
ਨਵਾਂ ਸਵੇਰਾ ਚਾੜ੍ਹਿਆ, ਰਿਦੇ ਵਸਾ ਕੇ ਸਾਂਝ।
ਹਾਸਾ, ਠੱਠਾ, ਮਸ਼ਕਰੀ ਸਭ, ਵਿੱਤ ਦੇ ਵਿਚ ਰੱਖ।
ਨਵਯੁਵਕਾਂ ਨਵ-ਕੂਕਿਆਂ, ਸਮਝੀ ਗੁਰ ਦੀ ਅੱਖ।
ਕੁੱਲ ਆਦਤਾਂ ਵੇਖੀਆਂ, ਕੀਕਰ ਕਰਨ ਖਰਾਬ।
ਚਾਹ ਚੰਦਰੀ ਮੰਗਦੀ, ਕਿੰਜ ਪਿਆਲੀ ਸਵਾਬ।
ਸਭੇ ਬੱਧੇ ਪ੍ਰੇਮ ਵਿਚ, ਸਤਿਗੁਰੂ ਸ੍ਰੀ ਜਗਜੀਤ।
ਹਰ ਇਕ ਸਮਝੇ; ਓਸ ਨੂੰ, ਬਹੁਤੀ ਕਰਨ ਪ੍ਰੀਤ।
ਕੀਤਾ ਇਹ ਉਪਦੇਸ਼ ਨੇ ਸਭ ਵੀਰਾਂ ਨੂੰ ਆਪ।
"ਡਿਗ ਨ ਫੈਸ਼ਨ ਗੜ੍ਹੇ ਵਿਚ ਭੋਗੋ ਪਏ ਸੰਤਾਪ।
ਸਾਦਾ ਪਹਿਰਨ ਖਾਣ ਵਿਚ, ਜੋ ਹੈ ਮਹਾਂ ਅਨੰਦ।
ਸਮਝੋ ਇਸ ਨੂੰ ਪਿਆਰਿਓ, ਤੇ ਹੋਵੇ ਸ੍ਵੈ-ਛੰਦ।
ਮੇਰੇ ਵੀਰੋ, ਤੁਸਾਂ ਤੇ ਮੈਨੂੰ ਬਹੁਤਾ ਮਾਣ।
ਪੰਥ ਕੱਲ੍ਹਾ ਦਾ ਤੁਸੀਂ ਹੋ, ਤੁਸੀਂ ਹੀ ਅਸਲ ਮੁਹਾਣ।
ਸੱਚ,ਸੁੱਚ,ਸੰਜਮ,ਪ੍ਰੇਮ ਦਾ ਕਰਨਾ ਜੇ ਪਰਚਾਰ।
ਨਾਮ ਬਾਣੀ ਦੇ ਆਸਰੇ ਰਹੋ ਸਾਦਗੀ ਧਾਰ।
ਡੂੰਘੀ ਮਿਹਨਤ ਨਾਲ ਪੜ੍ਹ, ਫੜੋ ਦੇਸ਼ ਦੀ ਵਾਗ।
ਕਿਰਤ ਵਿਰਤ ਕਰ ਧਰਮ ਦੀ, ਰਹੋ ਸਦਾ ਬੇ-ਦਾਗ਼।
ਪਛਮ ਦੀ ਤਹਿਜ਼ੀਬ ਨਾ, ਕੁੱਝ ਵਿਗਾੜੇ ਹੋਰ।
ਮਜ਼ਹਬ ਰਹਿੰਦਾ ਕਾਇਮ ਪਰ, ਦਏ ਇਮਾਨ ਨਿਚੋੜ।"
ਪੂਰਬ ਵੰਨੇ ਮੂੰਹ ਕਰ ਜੇ ਤੁਰ ਪਓਗੇ ਮੀਤ।
'ਨੂਰ' ਚੁਤਰਫੀਂ ਫੈਲਸੀ ਖੁਸ਼ ਹੋਸਨ ਜਗਜੀਤ।
ਇੰਜ ਸਿਖਾ, ਮੁੜ ਪਿਆਰ ਕਰ ਲੰਗਰ ਆਪ ਛਕਾ।
ਸ੍ਰੀ ਸਤਿਗੁਰੂ ਜਗਜੀਤ ਸਿੰਘ, ਕੀਤੇ ਯੁਵਕ ਵਿਦਾ।

**-ਸਵਰਨ ਸਿੰਘ 'ਨੂਰ', ਕਰੀਵਾਲਾ**

# ਨਿਤ-ਕਰਮ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ)

ਅੰਮ੍ਰਿਤ ਵੇਲੇ ਜਾਗ ਕੇ,
ਸੋਧ ਸੌਚ ਇਸ਼ਨਾਨ।
ਹਵਨ-ਸਮਗਰੀ ਮਹਿਕਦੀ,
ਸਿਮਰਨ ਵਿਚ ਧਿਆਨ।
ਇਹ ਮਰਿਆਦਾ ਪਾਲ ਕੇ,
ਪੁਜਣ ਵਿਚ ਦੀਵਾਨ।
ਕੀਰਤਨ ਆਸਾ-ਵਾਰ ਦਾ,
ਜਿਥੇ ਰਾਗੀ ਗਾਣ।
ਦਿਲ ਰਬਾਬ ਨੂੰ ਛੇੜਦੇ,
ਸਾਜ਼ਾਂ ਦਾ ਸੰਗੀਤ॥
ਨਾਦ ਅਨਾਹਦ ਗੂੰਜਦਾ,
ਗਾਵਣ ਨਾਲ ਪ੍ਰੀਤ॥
ਸਤਿਗੁਰੁ ਸੱਚਾ ਪਾਤਸ਼ਾਹ,
ਮਹਾਂ ਸੰਗੀਤਕਾਰ।
ਰਾਗ ਰਤਨ ਕਈ ਸਿਰਜਦਾ,
ਨਜ਼ਰ ਮਿਹਰ ਦੀ ਧਾਰ॥
ਸੱਤੇ ਸੁਰ ਸੰਗੀਤ ਦੇ,
ਬਧੀ ਹੱਥ ਗੁਲਾਮ।
ਹੀਰੇ ਰਤਨ ਅਮੋਲ ਇਹ,
ਸਤਿਗੁਰ ਬਖ਼ਸ਼ੀ ਜਾਣ।
ਸਤਿਗੁਰੂ ਜਗਜੀਤ ਸਿੰਘ,
ਸੰਗੀਤ ਦਾ ਹੈ ਭੰਡਾਰ।
ਗਾਇਕ, ਵਾਦਕ ਹਿੰਦ ਦੇ,
ਸਭ ਕਰਦੇ ਸਤਿਕਾਰ॥
ਲੈਣ ਗਿਆਨ ਇਸ ਕਲਾ ਦਾ,
ਗੁਰੂ-ਸ਼ਬਦ ਦੀ ਸਾਰ॥
ਸਤਿਗੁਰ ਨਾਲ ਸੰਗੀਤ ਦੇ,
ਵੰਡੇ ਨਾਮ ਆਧਾਰ।
ਵਿਚ ਦਰਬਾਰ ਗੁਰੂ ਸ਼ੋਭਦੇ,
ਸੰਗਤ ਕਰੇ ਦੀਦਾਰ।

ਦਰਸ਼ਨ ਕਰਕੇ ਗੁਰੂ ਦੇ,
ਮਿਲਦਾ ਸੁਖ ਆਪਾਰ ॥
ਲੰਗਰ, ਖੇਤੀ, ਮਾਲ ਤੇ,
ਸੱਭੇ ਹੋਰ ਵਿਹਾਰ।
ਦਸਣ ਸਤਿਗੁਰੂ ਸਭਸ ਨੂੰ,
ਸਮੇਂ ਸਮੇਂ ਦੀ ਕਾਰ॥
ਦੂਰੋਂ ਦੂਰੋਂ ਸਿਖ ਆਂਵਦੇ,
ਸਭ ਦਾ ਕਰਨ ਧਿਆਨ।
ਸਭ ਨੂੰ ਮੱਤਾਂ ਦੇਂਵਦੇ,
ਮਸਲੇ ਸਭ ਸੁਲਝਾਣ।
ਲੌਢੇ ਪਹਿਰ ਫਿਰ ਲਗੇ,
ਸਤਿਗੁਰ ਦਾ ਦੀਵਾਨ।
ਮਿਲ ਕੇ ਜਿਥੇ ਸੰਗਤਾਂ,
ਨਾਮ ਜਪਣ ਲਈ ਆਣ।
ਘੰਟਾ ਭਰ ਤਾਂ ਸਿਮਰਦੇ,
ਗੁਰ-ਮੰਤਰ ਦਾ ਜਾਪ॥
ਇਕ ਦੋ ਜੀਭੋ ਲੱਖ ਹੋਵਣ,
ਪ੍ਰਵਚਨ ਗੁਰ ਪ੍ਰਤਾਪ।
ਫਿਰ ਕੀਰਤਨ ਗੁਰ-ਸ਼ਬਦ ਦਾ,
ਤੇ ਹੋਰ ਕਥਾ ਵਿਖਿਆਨ।
ਅੰਮ੍ਰਿਤ ਬਚਨ ਗੁਰਦੇਵ ਦੇ,
ਸੁਣਦੇ ਨਾਲ ਧਿਆਨ।
ਸਤਿਗੁਰੂ ਦੇ ਦਰਬਾਰ ਦੀ,
ਹੈ ਅਦੁੱਤੀ ਸ਼ਾਨ।
ਸੱਚ ਖੰਡ ਇਸ ਧਰਤ ਤੇ,
ਰਚਿਆ ਗੁਰੂ ਸੁਜਾਨ।

**ਪ੍ਰੋ: ਕਿਰਪਾਲ ਸਿੰਘ ਕਸੇਲ**

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

ਮੇਰੀ ਮਰਜੀ ਸੀ ਕਿ ਮੈਂ "ਘੁੱਦਾਂ ਤੀਕਰ ਹੋ ਆਵਾਂ। ਤੁਰਨ ਵੇਲੇ ਕਰੀਮ ਖਾਂ ਸਬ ਇੰਸਪੈਕਟਰ ਬਦੋਬਦੀ ਮੇਰੇ ਨਾਲ ਹੋ ਤੁਰਿਆ। ਉਸ ਵੇਲੇ ਨੂੰ ਯਾਦ ਕਰਕੇ ਮੈਂ ਸਦਾ ਪਛਤਾਉਂਦਾ ਰਹਾਂਗਾ। ਇਕ ਤਾਂ ਇਹ ਦਿਨ ਚੰਗੇ ਨਹੀਂ ਸਨ। ਦੂਜਾ ਹਨੇਰੀਆਂ ਝੱਖੜ ਇਧਰ ਆਮ ਝੁਲਦੇ ਸਨ। ਮੈਂ ਕੋਈ ਪ੍ਰਵਾਹ ਨਾ ਕੀਤੀ, ਜਦ ਮੈਂ ਕੁਝ ਦੂਰ ਗਿਆ, ਰਸਤੇ ਵਿਚ ਟਿੱਬੇ ਦਿਸ ਰਹੇ ਸਨ। ਸਾਡੇ ਘੋੜੇ ਇਕ ਨੂੰ ਪਾਰ ਕਰਦੇ ਦੂਜਾ ਉਸ ਤੋਂ ਵਡੇਰਾ ਤੇ ਉਚੇਰਾ ਹੋਰ ਅਗੇ ਆ ਕੇ ਰਸਤਾ ਰੋਕ ਖਲੋਂਦਾ, ਪਰ ਅਸੀਂ ਬਿਨਾਂ ਪ੍ਰਵਾਹ ਕੀਤਿਆਂ ਤੁਰਦੇ ਗਏ। ਅਚਾਨਕ ਪਤਾ ਨਹੀਂ ਕਾਲੀ ਬੋਲੀ ਹਨੇਰੀ ਕਿਧਰੋਂ ਆ ਚੜ੍ਹੀ।

ਰੇਤ ਨੇ ਮੇਰੀਆਂ ਅੱਖਾਂ ਭਰ ਦਿਤੀਆਂ ਅਤੇ ਮੈਨੂੰ ਦਿਸਣੋਂ ਵੀ ਰਹਿ ਗਿਆ। ਉਂਵ ਹਨੇਰੀ ਵੀ ਅਜੇਹੀ ਕਾਲੀ ਸੀ ਕਿ ਹੱਥ ਪਸਾਰਿਆ ਨਜਰ ਨਹੀਂ ਸੀ ਆਉਂਦਾ। ਅਜਿਹਾ ਸਖ਼ਤ ਤੁਫ਼ਾਨ ਜਿਹਾ ਉੱਠ ਖਲੋਤਾ, ਮੈਂ ਵੱਖ ਤੇ ਥਾਣੇਦਾਰ ਫਜ਼ਲੇ ਕਰੀਮ ਵੱਖ ਹੋ ਗਿਆ। ਬੜੇ ਚਿਰ ਮਗਰੋਂ ਜਦ ਹਨੇਰੀ ਕੁਝ ਘਟੀ ਮੈਂ ਥਾਣੇਦਾਰ ਨੂੰ ਲੱਭਣ ਲਈ ਸੀਟੀ ਵਜਾਈ। ਥਾਣੇਦਾਰ ਨੇ ਤਾਂ ਪਤਾ ਨਹੀਂ ਇਹ ਸੀਟੀ ਸੁਣੀ ਜਾਂ ਨਹੀਂ, ਪਰ ਇਕ ਦਰਦਨਾਕ ਆਵਾਜ਼ ਮੇਰੇ ਕੰਨਾਂ ਅੰਦਰ ਪਈ। ਉਹ ਆਵਾਜ਼ ਸੁਣ ਕੇ ਮੈਂ ਕੰਬ ਉਠਿਆ ਅਤੇ ਡਰਦਾ ਰੱਬ ਅੱਗੇ, ਜੋ ਮੈਨੂੰ ਕਦੀ ਘਟ ਵਧ ਹੀ ਯਾਦ ਆਇਆ ਕਰਦਾ ਸੀ, ਦੁਆ ਕਰਨ ਲੱਗਾ ਕਿ , "ਹੇ ਪ੍ਰਵਦਗਾਰ, ਮੈਨੂੰ ਫ਼ਜ਼ਲੇ ਕਰੀਮ ਖਾਂ ਨੂੰ ਮਿਲਾ ਦੇ। ਕਿਹਾ ਚੰਗਾ ਹੁੰਦਾ ਜੇ ਅੱਜ ਖੰਡਾ ਮੇਰੇ ਨਾਲ ਹੁੰਦਾ। ਮੈਂ ਦਿਲ ਕਰੜਾ ਕਰਕੇ ਤੇ ਆਪਣੇ ਅੰਗਰੇਜ ਹੋਣ ਦੇ ਘਮੰਡ ਵਿਚ, ਆਵਾਜ਼ ਦੀ ਸੇਧ ਕਰ ਕੇ ਤੁਰਦਾ ਗਿਆ। ਜਦੋਂ ਮੈਂ ਇਕ ਟਿੱਬਾ ਜਿਹਾ ਪਾਰ ਕਰਕੇ ਮੈਦਾਨ ਵਿਚ ਗਿਆ ਤਾਂ ਕੀ ਵੇਖਦਾ ਹਾਂ ਕਿ ਇਕ ਬਣੀਏ ਦੀਆਂ ਮੁਸ਼ਕਾਂ ਕਸ ਕੇ, ਕਿੱਕਰ ਨਾਲ ਬੱਧਾ ਹੋਇਆ ਹੈ ਅਤੇ ਉਸ ਦੇ ਕੋਲ ਅੱਧਜਲੀਆਂ ਬਹੀਆਂ ਅਤੇ ਕੁਝ ਚਾਂਦੀ ਦੇ ਗਹਿਣੇ, ਹਮੇਲ ਆਦਿ ਖਿੰਡੇ ਪੁੰਡੇ ਪਏ ਹਨ। ਮੈਂ ਆਪਣਾ ਪਸਤੌਲ ਠੀਕ ਕਰਕੇ ਜਦ ਉਸ ਕੋਲ ਗਿਆ, ਉਹ ਸਗੋਂ ਉੱਚੀ-ਉੱਚੀ ਭੁੱਬਾਂ ਮਾਰ ਕੇ ਰੋਣ ਲਗ ਪਿਆ।

ਮੈਂ ਕੋਲ ਜਾ ਕੇ ਉਸ ਨੂੰ ਧੀਰਜ ਦਿੱਤੀ ਅਤੇ ਪੁੱਛਿਆ ਕਿ, "ਤੇਰਾ ਇਹ ਹਾਲ ਇੰਵ ਕਿਸ ਕੀਤਾ ਹੈ ? ਉਸ ਨੇ ਮੈਨੂੰ ਉਂਝ ਹੀ ਨਿਉਂ ਕੇ ਸਲਾਮ ਕਹੀ ਅਤੇ ਫਿਰ ਗਿੜਗਿੜਾ ਕੇ ਬੋਲਿਆ, "ਰੱਬ ਨੇ ਹਜੂਰ ਨੂੰ ਮੇਰੀ ਸਹਾਇਤਾ ਲਈ ਹੀ ਭੇਜਿਆ ਹੈ, ਨਹੀਂ ਤਾਂ ਰੋਹੀ ਦੇ ਟਿੱਬਿਆਂ ਵਿਚ ਹਜ਼ੂਰ ਬਾਦਸ਼ਾਹ ਕਦ ਆ ਸਕਦੇ ਸਨ। ਹਜ਼ੂਰ, ਕੀ ਦਸਾਂ ਮੈਂ ਆਪਣੇ ਇਕ ਲਹਿਣੇਦਾਰ ਨਾਲ ਜਿਸ ਤੋਂ ਮੈਂ ਇਕ ਹਜ਼ਾਰ ਰੁਪਈਏ ਲੈਣੇ ਸਨ, ਲੇਖਾ ਪੈਂਡਾ ਕਰਕੇ ਘਰ ਨੂੰ ਮੁੜਿਆ ਜਾ ਰਿਹਾ ਸੀ, ਓਸ ਤੋਂ ਮੈਂ ਹਜ਼ਾਰ ਨਕਦ ਅਤੇ ਵਿਆਜ ਵਿਚ ਸੋਨੇ ਚਾਂਦੀ ਦੇ ਗਹਿਣੇ ਲਏ ਸਨ। ਪਤਾ ਨਹੀਂ ਅਚਾਨਕ ਕਾਲੀ ਬੋਲੀ ਹਨੇਰੀ ਕਿਧਰੋਂ ਉੱਠ ਖਲੋਤੀ। ਮੇਰੇ ਕਾਮੇ ਤੇ ਸੰਗੀ ਸਾਥੀ ਉਸ ਵਿਚ ਪਤਾ ਨਹੀਂ ਕਿੱਧਰ ਖਿੰਡ ਪੁੰਡ ਗਏ।

ਮੈਂ ਇਕੱਲਾ ਰਹਿ ਗਿਆ ਤੇ ਏਥੇ ਬੈਠ ਗਿਆ। ਜਦ ਹਨੇਰੀ ਜਰਾ ਕੁ ਕੁਝ ਸੰਭਲੀ ਪਤਾ ਨਹੀਂ ਅੜਬੰਗੀ ਕੂਕੇ ਦੇ ਡਾਕੂ ਸਾਥੀਆਂ ਨੂੰ ਕਿਵੇਂ ਪਤਾ ਲੱਗ ਗਿਆ। ਉਹ ਹੱਲਾ ਕਰਕੇ ਆ ਪਏ ਤੇ ਮੈਨੂੰ ਲੁੱਟ ਪੁੱਟ ਕੇ ਮੁਸ਼ਕਾਂ ਕੱਸ ਕੇ ਇਸ ਹਾਲਤ ਵਿਚ ਛੱਡ ਗਏ। ਮੇਰੀਆਂ ਵਹੀਆਂ, ਹਾਇ ਰੱਬਾ ਹੁਣ ਮੈਂ ਕੀ ਕਰਾਂਗਾ!! ਮੇਰੇ ਸਾਹਮਣੇ ਹੀ ਫੂਕ ਕੇ ਤੁਰਦੇ ਬਣੇ। ਮੈਂ ਕਈ ਹਜ਼ਾਰ ਲੋਕਾਂ ਤੋਂ ਲੈਣਾ ਸੀ, ਅੱਜ ਮੈਂ ਆਪ ਦਵਾਲੀਆ ਹੋਇਆ ਬੈਠਾ ਹਾਂ। ਮੇਰਾ ਲੈਣਾ ਦੇਣਾ ਸਭ ਵਹੀਆਂ ਵਿਚ ਹੀ ਸੜ ਗਿਆ। ਮੇਰੇ ਗਰੀਬ ਮਹਾਜਨ ਦੀ ਸਹਾਇਤਾ ਕਰੋ ਅੰਨ ਦਾਤਾ, ਮੈਂ ਸਾਰੀ ਉਮਰ ਹਜੂਰ ਦਾ ਗੁਲਾਮ ਰਹਾਂਗਾ। ਅੰਗਰੇਜ਼ ਦੇ ਰਾਜ ਵਿਚ ਅਜਿਹਾ ਅੰਨ੍ਹੇਰ ? ਮੈਂ ਹਜ਼ੂਰ ਦੀ ਸ਼ਰਨ ਆਇਆ ਹਾਂ ਮੈਨੂੰ ਬਚਾ ਲੈ ਮਾਪਿਆ । ਇਹ ਆਖ ਉਹ ਭੁੱਬਾਂ ਮਾਰ ਕੇ ਰੋਣ ਲਗ ਪਿਆ।

"ਤੈਨੂੰ ਕਿਵੇਂ ਪਤਾ ਲੱਗਾ ਹੈ ਕਿ ਉਹ ਅੜਬੰਗੀ ਕੂਕੇ ਦੇ ਸਾਥੀ ਸਨ ?"

ਮੈਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦਸਦਿਆਂ ਉਸ ਨੂੰ ਧੀਰਜ ਦਿੱਤੀ ਅਤੇ ਨਾਲੇ ਉਸ ਦੇ ਰੱਸੇ ਖੋਲ੍ਹੇ।

"ਹਜ਼ੂਰ! ਉਹ ਕਈ ਖੂਨ ਕਰ ਕੇ, ਇਸੇ ਇਲਾਕੇ ਵਿਚ ਲੁਕਿਆ ਫਿਰਦਾ ਹੈ, ਜੇ ਹਜੂਰ ਮੈਨੂੰ ਮਾਫ਼ ਕਰ ਦੇਣ ਤਾਂ

ਮੈਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਦੱਸ ਸਕਦਾ ਹਾ।"

"ਤੂੰ ਡਰ ਨਾ, ਮੈਂ ਤੈਨੂੰ ਕੁਝ ਨਹੀਂ ਕਹਾਂਗਾ।" ਮੈਂ ਕਿਹਾ।

"ਸਰਕਾਰ ਉਹ ਲੁੱਟ ਦਾ ਮਾਲ ਮੇਰੇ ਕੋਲ ਲੈ ਆਉਂਦਾ ਸੀ, ਮੈਂ ਉਸ ਨੂੰ ਵੇਚ ਵੱਟ ਕੇ ਪੈਸੇ ਦੇ ਦਿਆ ਕਰਦਾ ਸੀ। ਉਸ ਦੱਸਿਆ।"

"ਸੱਚ?"

"ਮੈਂ ਮਾਪਿਆ, ਸਰਕਾਰ ਕੋਲ ਝੂਠ ਬੋਲ ਕੇ ਕਿਥੇ ਰਹਿਣਾ ਹੈ। ਹੁਣ ਮੈਨੂੰ ਪਤਾ ਲਗਿਆ ਕਿ ਸਰਕਾਰ ਇਸ ਦੇ ਮਗਰ ਪਈ ਹੋਈ ਹੈ ਅਤੇ ਅੱਜ ਭਲਕ ਹੀ ਇਸ ਫੜਿਆ ਜਾਣਾ ਹੈ, ਇਸ ਗਲੋਂ ਮੈਂ ਬਹੁਤ ਡਰਿਆ ਕਿ ਕਿਤੇ ਮੈਂ ਵੀ ਨਾਲ ਹੀ ਨਾ ਮਾਂਜਿਆ ਜਾਵਾਂ! ਭਲਾ ਕੋਈ ਅੰਗਰੇਜ਼ੀ ਸਰਕਾਰ ਦਾ ਵੀ ਮੁਕਾਬਲਾ ਕਰ ਸਕਦਾ ਹੈ ।"

"ਫਿਰ ?"

"ਇਕ ਦਿਨ ਸਰਕਾਰ ਉਸ ਦਾ ਆਦਮੀ 50 ਤੋਲਾ ਸੋਨਾ ਵਿਖਾ ਕੇ ਉਸ ਦੀ ਕੀਮਤ ਮੰਗਣ ਲਗਿਆ। ਮੈਂ ਡਰਦੇ ਮਾਰਿਆਂ ਸੋਨਾ ਲੈਣ ਤੋਂ ਇਨਕਾਰ ਕਰ ਦਿੱਤਾ। ਬੱਸ ਉਸ ਦਿਨ ਤੋਂ ਉਹ ਮੇਰੇ ਮਗਰ ਪੈ ਗਿਆ। ਕਈ ਵਾਰ ਉਸ ਨੇ ਮੈਨੂੰ ਕੋਲ ਸੱਦ ਕੇ ਡਰਾਇਆ, ਸਮਝਾਇਆ-ਬੁਝਾਇਆ ਵੀ, ਪਰ ਮੈਂ ਉਸ ਦੀ ਗੱਲ ਨਾ ਮੰਨੀ। ਅੱਜ ਉਸ ਨੇ ਉਹ ਬਦਲਾ ਲੈ ਲਿਆ।"

"ਤਦ ਕੀ ਤੂੰ ਉਸ ਦੇ ਰਹਿਣ ਦੀ ਥਾਂ ਜਾਣਦਾ ਹੈਂ ?"

"ਚੰਗੀ ਤਰ੍ਹਾਂ ਸਰਕਾਰ ! ਇਥੋਂ ਮਸਾਂ ਮੀਲ ਕੁ ਦੀ ਵਿੱਥ ਤੇ ਇਕ ਰੋਹੀ ਵਿਚ ਰਹਿੰਦਾ ਹੈ। ਹਜ਼ੂਰ ਮੇਰੇ ਨਾਲ ਚੱਲਣ ਅਤੇ ਮੇਰਾ ਤਾਜ਼ਾ ਤਾਜ਼ਾ ਬਦਲਾ ਲੈ ਦੇਣ?"

"ਮੈਂ ਇਕੱਲਾ ਨਹੀਂ ਜਾ ਸਕਾਂਗਾ। ਭੋਲੇ ਵਾਲੀ ਜਾ ਕੇ ਮੈਂ ਆਪਣੇ ਸਾਥੀ ਨਾਲ ਲੈ ਕੇ ਫਿਰ ਆਵਾਂਗਾ।"

"ਤਦ ਨੂੰ ਉਹ ਕਿਤੇ ਦਾ ਕਿਤੇ ਜਾ ਨਿਕਲੇਗਾ। ਉਸ ਦਿਨ ਗੱਲਾਂ ਕਰ ਰਿਹਾ ਸੀ, ਕਿ ਲੁਧਿਆਣੇ ਦੀ ਪੁਲੀਸ ਦਾ ਸਾਹਿਬ ਮੇਰੇ ਪਿੱਛੇ ਪੈ ਗਿਆ ਹੈ। ਮੈਨੂੰ ਉਸ ਦਾ ਡਰ ਹੈ, ਕਿਤੇ ਹਜ਼ੂਰ ਓਹੀ ਸਾਹਿਬ ਤੇ ਨਹੀਂ ਹਨ ?"

ਅੜਬੰਗੀ ਦਾ ਥਹੁ ਪਤਾ ਲੱਗ ਜਾਣ ਕਰ ਕੇ ਮੈਨੂੰ ਬਹੁਤ ਖੁਸ਼ੀ ਹੋਈ, ਮੈਂ ਕਿਹਾ, "ਜੇ ਤੂੰ ਉਸ ਨੂੰ ਫੜਾ ਦਏ ਤਾਂ ਜੋ ਤੂੰ ਮੰਗੇਂ ਗਾ, ਤੈਨੂੰ ਮੂਹੋਂ ਮੰਗਿਆ ਇਨਾਮ ਮਿਲੇਗਾ, ਨਾਲੇ ਤੇਰਾ ਲੁੱਟ ਦਾ ਮਾਲ ਮੁੜਵਾ ਦਿਆਂਗਾ।"

"ਫੜਾਉਣਾ ਤਾਂ ਮੇਰੇ ਵੱਸ ਦੀ ਗੱਲ ਨਹੀਂ, ਹਾਂ ਵਿਖਾ ਮੈਂ ਜ਼ਰੂਰ ਦਿਆਂਗਾ। ਮੇਰਾ ਭਾਵੇਂ ਕਿੰਨਾ ਵੀ ਨੁਕਸਾਨ ਕਿਉਂ ਨਾ ਹੋ ਜਾਵੇ।"

"ਨੁਕਸਾਨ ਕੇਹਾ?"

"ਸਰਕਾਰ ਉਸ ਦਾ ਇਸ ਇਲਾਕੇ ਵਿਚ ਬਹੁਤ ਰਸੂਖ ਹੈ। ਉਸ ਨੂੰ ਫੜਾਉਣ ਤੇ ਸਾਰਾ ਇਲਾਕਾ ਮੇਰੇ ਵੈਰ ਪੈ ਜਾਵੇਗਾ, ਕਿਉਂਕਿ ਉਹ ਬੜਾ ਚੰਗਾ ਹੈ, ਲੁੱਟ ਦਾ ਮਾਲ ਗਰੀਬਾਂ ਨੂੰ ਵੰਡਦਾ ਰਹਿੰਦਾ ਹੈ ਤਾਂ ਕਿ ਲੋਕੀਂ ਉਸ ਨੂੰ ਚੰਗਾ ਸਮਝਣ।"

ਗੱਲਾਂ ਗੱਲਾਂ ਵਿਚ ਮੈਨੂੰ ਇਹ ਵੀ ਪਤਾ ਲੱਗ ਗਿਆ ਕਿ ਉਸ ਕੋਲ ਹਥਿਆਰ ਤਾਂ ਕੇਵਲ ਡਾਂਗਾਂ ਸੋਟੇ, ਛਵੀਆਂ ਤੇ ਸੋਟੇ ਹੀ ਹਨ ਜਾਂ ਇਕ ਦੋ ਤੋੜੇਦਾਰ ਬੰਦੂਕਾਂ ਹਨ। ਹੋਰ ਕੋਈ ਚੰਗੇਰਾ ਹਥਿਆਰ ਨਹੀਂ। ਮੈਨੂੰ ਆਪਣੇ ਪਸਤੌਲ ਤੇ ਬਹੁਤ ਮਾਣ ਸੀ। ਮੈਂ ਹੈਰਾਨ ਸਾਂ ਕਿ ਉਸ ਨੂੰ ਮੇਰਾ ਇੱਥੇ ਆਉਣ ਦਾ ਵੀ ਪਤਾ ਸੀ। ਮੈਂ ਚਾਹੁੰਦਾ ਸਾਂ ਕਿ ਮੈਂ ਉੱਡ ਕੇ ਵੀ ਉਸ ਕੋਲ ਚਲਿਆ ਜਾਵਾਂ।

"ਫਿਰ ਕੀ ਸਲਾਹ ਹੈ ਸਰਕਾਰ?" ਉਸ ਰੋਂਦਿਆਂ ਰੋਂਦਿਆਂ ਕਿਹਾ।

"ਤੂੰ ਕੋਈ ਵੀ ਫਿਕਰ ਨਾ ਕਰ ਮੇਰੇ ਨਾਲ ਚੱਲ, ਮੈਂ ਨਾਲੇ ਉਸ ਤੋਂ ਤੇਰਾ ਮਾਲ ਲੈ ਕੇ ਦਿਆਂਗਾ, ਨਾਲੇ ਇਕ ਹਜ਼ਾਰ ਨਕਦ ਤੇ ਇਹ ਸੋਟੀ ਜਿਸ ਦੀ ਮੁੱਠ ਸੋਨੇ ਦੀ ਹੈ ਤੇ ਨਗ ਹੀਰੇ ਮੋਤੀ ਦੇ ਹਨ। ਇਹ ਮੈਨੂੰ ਇੱਕ ਰਿਆਸਤੀ ਰਾਜੇ ਨੇ ਆਪਣਾ ਕੰਮ ਹੋ ਜਾਣ ਦੇ ਸਿਲਸਿਲੇ ਵਿੱਚ ਦਿੱਤੀ ਸੀ। ਇਹ ਤੈਨੂੰ ਵਿੱਚ ਵੱਖਰੀ ਦਿਆਂਗਾ।" ਮੈਂ ਉਸ ਨੂੰ ਲਾਲਚ ਵਖਾਉਂਦਿਆਂ ਕਿਹਾ।

"ਤਾਂ ਕੀ ਤੁਸੀਂ ਸੱਚ ਮੁੱਚ ਉਸ ਨੂੰ ਫੜ ਲਉਗੇ?"

"ਤੂੰ ਘੜੀ ਮੁੜੀ ਇਹ ਕਿਉਂ ਪੁੱਛਦਾ ਹੈਂ? ਅਸੀਂ ਅੰਗਰੇਜ਼ ਲੋਕ ਇਸ ਜੰਗਲੀ ਚੂਹਿਆਂ ਨੂੰ ਕੀ ਸਮਝਦੇ ਹਾਂ।"

**ਚੱਲਦਾ......................**

# ਸੁੱਚੇ ਮੋਤੀ

- ਆਪਣੇ ਹੱਕ ਦਾ ਕੁਝ ਦਾਨ ਕਰੋ, ਦੂਸਰੇ ਦੇ ਹੱਕ ਦੀ ਰਾਖੀ ਕਰੋ, ਇਸ ਨਾਲ ਸਾਰੇ ਝਗੜੇ ਮੁੱਕ ਸਕਦੇ ਹਨ।

- ਸੱਚ ਤੇ ਚੱਲੋ, ਸੱਚ ਇੱਕ ਐਸੀ ਚੀਜ ਹੈ ਇੱਕੋ ਵੇਰਾਂ ਬੋਲਣ ਦੀ ਲੋੜ ਹੈ। ਝੂਠ ਜਿਹੜਾ ਹੈ ਉਹ ਸੌ ਵੇਰਾਂ ਵੀ ਬੋਲਿਆ ਜਾਵੇ ਤਾਂ ਵੀ ਉਹ ਸੱਚ ਨਹੀਂ ਬਣਦਾ।

- ਦੁਨੀਆਂ ਤੇ ਆਏ ਹੋ, ਜੇ ਕੁਝ ਚੰਗੇ ਕੰਮ ਕਰ ਕੇ ਜਾਉਗੇ ਤਾਂ ਏਥੇ ਅਤੇ ਅੱਗੇ ਦਰਗਾਹ ਵਿੱਚ ਤੁਹਾਡੀ ਤਾਰੀਫ਼ ਹੋਣੀ ਹੈ।

- ਚੰਦਨ ਠੰਡਾ ਮੰਨਿਆ ਗਿਆ ਹੈ। ਚੰਦ ਦੀ ਚਾਨਣੀ ਰਾਤ ਨੂੰ ਬਹੁਤ ਠੰਡਾ ਮੰਨਿਆ ਜਾਂਦਾ ਹੈ। ਜਿਸ ਵੇਲੇ ਸਿਆਲ ਦਾ ਮਹੀਨਾ ਹੁੰਦਾ ਹੈ, ਉਸ ਵੇਲੇ ਬਹੁਤ ਠੰਡ ਪੈਂਦੀ ਹੈ। ਪਰ ਇਹ ਸਾਰੀ ਪ੍ਰਕਾਰ ਦੀ ਠੰਡ ਮਨ ਦੀ ਸੜਨ ਨੂੰ, ਗਰਮੀ ਨੂੰ ਠੰਡਾ ਨਹੀਂ ਕਰਦੀ। ਮਨ ਨੂੰ ਠੰਡਾ ਕਰਨ ਵਾਸਤੇ ਇਕ ਨਾਮ ਹੀ ਹੈ।

- ਭਗਤੀ ਬੜਾ ਵਿਆਪਕ ਸ਼ਬਦ ਹੈ। ਬਹੁਤ ਲੋਕ ਭਗਤੀ ਬਾਰੇ ਗੱਲਾਂ ਕਰਦੇ ਨੇ। ਭਗਤੀ ਕੀ ਚੀਜ਼ ਹੈ? ਆਪਣੇ ਸਤਿਗੁਰੂ ਦਾ ਵਿਸ਼ਵਾਸ਼ ਪਾਤਰ ਹੋਣਾ ਹੀ ਸਭ ਤੋਂ ਵੱਡੀ ਭਗਤੀ ਹੈ। ਹੋਰ ਸਭ ਪਿੱਛੇ ਨੇ।

- ਅਸੀਂ ਧਰਮ ਨੂੰ ਮੰਨਣ ਵਾਲਿਆ ਨੇ ਅਤੇ ਧਰਮ ਦੇ ਵਿਰੋਧੀਆਂ ਨੇ, ਧਰਮ ਦੇ ਖਿਲਾਫ ਬੜਾ ਕੰਮ ਕੀਤਾ ਹੈ ਕਿਉਂਕਿ ਸਾਡਾ ਜੀਵਨ ਚੰਗਾ ਨਾ ਰਿਹਾ, ਵੱਧ ਤੋਂ ਵੱਧ ਧਨ ਕਮਾਉਣਾ ਹੀ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ। ਧਰਮ ਵਾਲੀ ਗੱਲ ਵਿਚੋਂ ਨਿਕਲ ਗਈ। ਧਰਮ, ਰੁੱਖ ਦੀ ਜੜ੍ਹ ਵਾਂਗ ਹੈ। ਜੜ੍ਹ ਸੁੱਕ ਜਾਵੇ ਤਾਂ ਦਰਖਤ ਕਦੇ ਹਰਾ ਨਹੀਂ ਰਹਿ ਸਕਦਾ।

- ਸੱਚ ਬੋਲਣਾ ਸਭ ਦਾ ਸਾਂਝਾ ਧਰਮ ਹੈ, ਸੱਚ ਪ੍ਰਮੇਸਰ ਹੈ। ਸਾਰੇ ਸੱਚ ਬੋਲਣ ਨੂੰ ਅਪਣਾ ਲੈਣ ਤਾਂ ਸਾਰੇ ਧਰਮ ਇਕੱਠੇ ਹੋ ਸਕਦੇ ਹਨ। ਇਸ ਧਰਮ ਤੋਂ ਕੌਮਨਿਸਟ ਜਾਂ ਜਿਨ੍ਹਾਂ ਨੂੰ ਨਾਸਤਕ ਕਿਹਾ ਜਾਦਾ ਹੈ, ਉਹ ਵੀ ਵੱਖ ਨਹੀਂ ਹੋ ਸਕਦੇ। ਇਸ ਤਰ੍ਹਾਂ ਅਸੀਂ ਸਾਰੇ ਇੱਕ ਧਰਮ ਨੂੰ ਮੰਨਣ ਵਾਲੇ ਹੋ ਜਾਂਦੇ ਹਨ'।

- ਕੋਈ ਗਾਲ਼ ਕੱਢਦਾ, ਕੁੱਝ ਆਖਦਾ ਹੈ, ਉਸ ਨੂੰ ਖ਼ਿਮਾ ਕਰਨਾ, ਗਾਲ਼ ਕੱਢਣੀ ਵੀ ਬੜੀ ਔਖੀ ਹੈ, ਪਤਾ ਹੈ ਕਿ ਉਹ ਅੱਗੋਂ ਡੰਡਾ ਲੈ ਕੇ ਪੈ ਜਾਵੇਗਾ। ਪਰ ਉਸ ਨੂੰ ਖ਼ਿਮਾ ਕਰਨਾ ਹੋਰ ਵੀ ਜਿਆਦਾ ਔਖੀ ਹੈ।

- ਗੁਣਾਂ ਦੀ ਸਾਂਝ ਕਰੋ, ਔਗੁਣ ਛੱਡ ਦਿਉ।

- ਪਿੱਪਲ ਦੀ ਪੂਜਾ ਰਹਿ ਗਈ, ਗਊ ਦੀ ਪੂਜਾ ਰਹਿ ਗਈ, ਉਹਦੇ ਗੁਣ ਨਹੀਂ ਯਾਦ, ਤੁਲਸੀ ਦੀ ਪੂਜਾ ਰਹਿ ਗਈ, ਗੁਣ ਨਹੀਂ ਯਾਦ। ਉਨ੍ਹਾਂ ਦੀ ਪੂਜਾ ਦੇ ਨਾਲ ਉਹਨਾਂ ਦੇ ਗੁਣਾਂ ਦਾ ਵੀ ਵਿਚਾਰ ਕਰੋ ਕਿ ਉਨ੍ਹਾਂ ਤੋਂ ਕੀ-ਕੀ ਲਾਭ ਲੈ ਸਕਦੇ ਹਾਂ।

# ਬੱਚਿਆਂ ਦਾ ਪੰਨਾ

## ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ........

ਸਤਿਗੁਰੂ ਜਗਜੀਤ ਸਿੰਘ ਪ੍ਰੇਮ ਦੇ ਸੋਮੇ ਸਨ। ਆਪ ਜੀ ਸਭ ਨੂੰ ਹੀ ਪਿਆਰ ਕਰਦੇ ਸਨ। ਕੇਵਲ ਮਨੁੱਖਾਂ ਨੂੰ ਹੀ ਨਹੀਂ, ਪੰਛੀਆਂ ਨੂੰ ਵੀ ਆਪਣੇ ਹੱਥੀਂ ਚੋਗ ਚੁਗਾਉਂਦੇ, ਗਊਆਂ ਨੂੰ ਗੁੜ ਛਕਾਉਂਦੇ, ਰੁੱਖਾਂ ਨੂੰ ਪਾਣੀ ਪਉਂਦੇ, ਹਰ ਇੱਕ ਨੂੰ ਹੱਸਦਾ-ਖੇਡਦਾ ਅਤੇ ਵੱਧਦਾ ਫੁੱਲਦਾ ਵੇਖ ਪਾਤਸ਼ਾਹ ਜੀ ਬੜੇ ਪ੍ਰਸੰਨ ਹੁੰਦੇ ਸਨ। ਜਿਨ੍ਹਾਂ ਨੌਜੁਆਨਾਂ ਦੀ ਕੰਡ ਥਾਪੜਦੇ, ਉਹਨਾਂ ਦੀ ਖੁਸ਼ੀ ਸਾਂਭੀ ਨਾ ਜਾਂਦੀ, ਹਿਰਨਾਂ ਵਾਂਗ ਛਾਲਾਂ ਮਾਰਦੇ ਅੱਗੇ ਵੱਧਦੇ ਜਾਂਦੇ। ਬਜ਼ੁਰਗਾਂ ਪਾਸ ਜਾ ਕੇ ਬੈਠਦੇ, ਉਨ੍ਹਾਂ ਨਾਲ ਬਚਨ-ਬਿਲਾਸ ਕਰਦੇ, ਆਪਣੇ ਹੱਥੀਂ ਉਨ੍ਹਾਂ ਨੂੰ ਪ੍ਰਸ਼ਾਦ ਵੰਡਦੇ।

ਪਰ ਬੱਚੇ ਆਪਜੀ ਨੂੰ ਬਹੁਤ ਪਿਆਰੇ ਲੱਗਦੇ ਸਨ। ਆਪਜੀ ਬਚਨ ਕਰਿਆ ਕਰਦੇ ਸਨ ਕਿ ਬੱਚੇ ਤਾਂ ਕੱਚੇ ਦੁੱਧ ਵਾਂਗ ਹੁੰਦੇ ਹਨ, ਉਸਦਾ ਕੁਝ ਵੀ ਬਣਾ ਲਵੋ। ਸਤਿਗੁਰੂ ਸੱਚੇ ਪਾਤਸ਼ਾਹ ਬੱਚਿਆਂ ਨਾਲ ਹੱਸਦੇ-ਖੇਡਦੇ, ਉਨ੍ਹਾਂ ਨੂੰ ਲਾਡ ਲਡਾਉਂਦੇ, ਬੱਚਿਆਂ ਨਾਲ ਬੱਚੇ ਹੀ ਹੋ ਜਾਂਦੇ ਸਨ ਸਾਡੇ ਪਿਆਰੇ ਪਾਤਸ਼ਾਹ ਜੀ। ਛੋਟੇ-ਛੋਟੇ ਬੱਚਿਆਂ ਨੂੰ ਸੰਗੀਤ ਸਿੱਖਣ ਲਈ ਪ੍ਰੇਰਦੇ, ਆਪ ਸਿਖਾਉਂਦੇ, ਉਨ੍ਹਾਂ ਤੋਂ ਸ਼ਬਦ-ਕੀਰਤਨ ਸੁਣਕੇ ਬੜੀਆਂ ਖੁਸ਼ੀਆਂ ਬਖਸ਼ਦੇ।

ਇੱਕ ਵਾਰ ਥਾਈਲੈਂਡ ਦੌਰੇ ਸਮੇਂ ਬੰਕੋਕ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਗੀਤ ਸਭਾ ਹੋ ਰਹੀ ਸੀ, ਉੱਥੇ ਜਸਪਾਲ ਸਿੰਘ ਸਚਦੇਵ, ਉਨ੍ਹਾਂ ਤੋਂ ਸ਼ਬਦ ਸੁਣੇ, ਕਾਕਾ ਜੈ ਸਿੰਘ ਸਪੁੱਤਰ ਜਸਪਾਲ ਸਿੰਘ ਸਚਦੇਵ ਨੂੰ ਪਾਸ ਬੁਲਾ ਕੇ, ਉਸਦੇ ਦੋਵੇਂ ਹੱਥ ਫੜ ਕੇ ਸੱਚੇ ਪਾਤਸ਼ਾਹ ਤਾਲ ਦੇਣਾ ਸਿਖਾਇਆ ਕਿ ਮਾਤ੍ਰਾਂ ਗਿਨਣ ਲਈ ਤਾੜੀ ਕਿਵੇਂ ਦੇਣੀ ਹੈ। ਸੰਗੀਤ ਸਭਾ ਸਮਾਪਿਤ ਹੋ ਗਈ। ਜੈ ਸਿੰਘ ਫੁੱਲਿਆ ਨਾ ਸਮਾਵੇ, ਟੱਪਦਾ ਫਿਰੇ, ਸਾਰੇ ਬੱਚਿਆਂ ਦਾ ਉਸਤਾਦ ਬਣਿਆ ਫਿਰੇ। ਹਰ ਕਿਸੇ ਦੇ ਹੱਥ ਫੜ ਕੇ ਦੱਸੇ ਕਿ ਐਸ ਤਰ੍ਹਾਂ ਰਾਗ ਦੀਆਂ ਮਾਤਰਾਂ ਗਿਣੀਦੀਆਂ ਹਨ, ਇਵੇਂ ਤਾੜੀ ਦਈ ਦੀ ਹੈ। ਮੈਨੂੰ ਪਾਤਸ਼ਾਹ ਜੀ ਨੇ ਆਪ ਸਿਖਾਇਆ ਹੈ।

ਅਜੇ ਪਾਤਸ਼ਾਹ ਜੀ ਉੱਥੇ ਹੀ ਸਨ, ਅੱਧਾ ਕੁ ਘੰਟਾ ਲੰਘਿਆ ਹੋਵੇਗਾ। ਸਤਿਗੁਰੂ ਜੀ ਦੇ ਨਾਲ ਆਏ ਰਾਗੀ ਨੌਜੁਆਨ ਆਪਣੇ ਸਾਜ ਸਮੇਟ ਕੇ ਕਮਰਿਆਂ ਵਿੱਚ ਚਲੇ ਗਏ।

ਬੱਚਿਆਂ ਦੇ ਉਸਤਾਦ ਜਸਪਾਲ ਸਿੰਘ ਨੇ ਆ ਕੇ ਅਰਜ਼ ਕੀਤੀ "ਗ੍ਰੀਬ ਨਿਵਾਜ ਜੀ, ਮਹਿਲ ਰੁੱਸ ਗਿਆ ਹੈ, ਕਹਿੰਦਾ ਹੈ, ਮੈਂ ਹੁਣ ਸੰਗੀਤ ਨਹੀਂ ਸਿੱਖਣਾ।"

"ਕੀ ਹੋ ਗਿਐ, ਕਿਸ ਗੱਲੋਂ ਨਰਾਜ਼ ਹੈ ਮਹਿਲ।"

ਗਰੀਬ ਨਿਵਾਜ ਜੀ ਉਹ ਕਹਿੰਦਾ ਹੈ ਕਿ ਪਾਤਸ਼ਾਹ ਜੀ ਨੇ ਜੈ ਸਿੰਘ ਨੂੰ ਕੋਲ ਸੱਦਕੇ ਉਸਨੂੰ ਤਾਲੀ ਦੇਣੀ ਸਿਖਾਈ, ਮੈਨੂੰ ਨਹੀਂ ਬੁਲਾਇਆ। ਇਸ ਲਈ ਹੁਣ ਮੈਂ ਨਹੀਂ ਸ਼ਬਦ ਸਿਖਣ ਆਇਆ ਕਰਨਾ।

ਸਚਦੇਵ ਨੇ ਅਰਜ਼ ਕੀਤੀ। ਪਾਤਸ਼ਾਹ ਜੀ ਨੇ ਕਿਹਾ, ਅੱਛਾ, ਹੁਣੇ ਸੁਨੇਹਾ ਭੇਜੋ ਸਾਰੇ ਰਾਗੀਆਂ ਨੂੰ, ਫੇਰ ਸੰਗੀਤ ਕਰਾਂਗੇ। ਉਸੇ ਵੇਲੇ ਸਭ ਨੂੰ ਬੁਲਾ ਲਿਆ। ਫੇਰ ਸੰਗੀਤ ਮਹਿਫਲ ਸ਼ੁਰੂ ਹੋ ਗਈ।

ਦਸ-ਪੰਦਰਾਂ ਮਿੰਟਾਂ ਬਾਅਦ ਸੱਚੇ ਪਾਤਸ਼ਾਹ ਜੀ ਨੇ ਆਵਾਜ਼ ਮਾਰੀ, 'ਮਹਿਲ ਉਰੇ ਆ, ਇੱਕ ਸ਼ਬਦ ਤੇਰੇ ਤੋਂ ਸੁਨਣਾ ਹੈ।'

ਪਾਤਸ਼ਾਹ ਜੀ ਆਪ ਤਾਲ ਦੇਂਦੇ ਰਹੇ। ਸ਼ਬਦ ਸੁਣ ਕੇ ਥਾਪੜਾ ਦਿੱਤਾ, ਖੁਸ਼ੀਆਂ ਬਖਸ਼ੀਆਂ ਅਤੇ ਮਹਿਲ ਸਿੰਘ ਦੇ ਹੱਥ ਫੜ ਤਾੜੀ ਦੇਣੀ ਸਮਝਾਈ। ਹੁਣ ਫੋਟੋਆਂ ਵੀ ਖਿੱਚੀਆਂ ਗਈਆਂ। ਬੱਚਿਆਂ ਦਾ ਰੋਸਾ ਤਾਂ ਏਨੇ ਕੁ ਚਿਰ ਦਾ ਹੀ ਹੁੰਦਾ ਹੈ। ਹੱਸ ਕੇ ਬੁਲਾ ਲਉ ਤਾਂ ਫੇਰ ਬਾਗੋ-ਬਾਗ। ਹੁਣ ਮਹਿਲ ਸਿੰਘ ਦੀ ਖੁਸ਼ੀ ਦੂਣ ਸਵਾਈ ਹੋ ਗਈ ਕਿ ਮੇਰੀ ਪਾਤਸ਼ਾਹ ਜੀ ਨਾਲ ਫੋਟੋ ਖਿੱਚੀ ਗਈ ਹੈ।

ਮਹਿਤਾਬ ਸਿੰਘ ਦਾ ਛੋਟਾ ਬੇਟਾ ਮਹਿਲ ਸਿੰਘ ਹੈ ਅਤੇ ਜਸਪਾਲ ਸਿੰਘ ਸਚਦੇਵ ਦਾ ਪੁੱਤਰ ਜੈ ਸਿੰਘ ਹੈ। ਇਹ ਦੋਵੇਂ

ਉਸ ਸਮੇਂ 5 ਕੁ ਸਾਲ ਦੇ ਹੋਣਗੇ।

ਅਗਲੇ ਦਿਨ ਜਸਪਾਲ ਸਿੰਘ ਨੇ ਫੇਰ ਪਾਤਸ਼ਾਹ ਜੀ ਨੂੰ ਅਰਜ਼ ਕੀਤੀ ਕਿ ਗਰੀਬ- ਨਿਵਾਜ ਹੁਣ ਜੈ ਸਿੰਘ ਰੁੱਸ ਗਿਆ ਹੈ। ਸੱਚੇ ਪਾਤਸ਼ਾਹ ਜੀ ਪੁੱਛਿਆ ਕਿ ਹੁਣ ਜੈ ਸਿੰਘ ਕਿਉਂ ਨਰਾਜ਼ ਹੋ ਗਿਆ ਹੈ। ਜਸਪਾਲ ਸਿੰਘ ਨੇ ਅਰਜ਼ ਕੀਤੀ ਕਿ ਜੈ ਸਿੰਘ ਕਹਿੰਦਾ ਹੈ ਕਿ ਮਹਿਲ ਸਿੰਘ ਦੀ ਪਾਤਸ਼ਾਹ ਜੀ ਨਾਲ ਫੋਟੋ ਖਿੱਚੀ ਗਈ, ਮੇਰੀ ਕਿਉਂ ਨਹੀਂ ਖਿੱਚੀ। ਸੱਚੇ ਪਾਤਸ਼ਾਹ ਜੀ ਬੜਾ ਹੱਸੇ।

ਬਚਨ ਕੀਤਾ ਕੋਈ ਗੱਲ ਨਹੀਂ ਆਪਾਂ ਜੈ ਸਿੰਘ ਨੂੰ ਵੀ ਖੁਸ਼ ਕਰ ਲਵਾਂਗੇ। ਫੇਰ ਸੰਗੀਤ ਸਭਾ ਹੋਈ, ਜੈ ਸਿੰਘ ਦੀਆਂ ਵੀ ਪਾਤਸ਼ਾਹ ਜੀ ਨਾਲ ਫੋਟੋਆਂ ਖਿੱਚੀਆਂ। ਦੋਵੇਂ ਬਾਲ ਬਾਗੋ-ਬਾਗ । ਦੋਹਾਂ ਦੇ ਘਰਾਂ ਵਿੱਚ ਉਹ ਯਾਦਗਾਰੀ ਤਸਵੀਰਾਂ ਘਰ ਦੀ ਸ਼ੋਭਾ ਹਨ। ਇਵੇਂ ਬੱਚਿਆਂ ਨੂੰ ਨਿਵਾਜਦੇ ਸਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ।

ਮੋਰਾਂ ਨੂੰ, ਉਸ ਚੋਗ ਚੁਗਾਉਣਾ,
ਗਊਆਂ ਵਿੱਚ ਉਹ ਕ੍ਰਿਸ਼ਨ ਮੁਰਾਰੀ,
ਬਾਲਾਂ ਸੰਗ, ਉਸ ਬਾਲ ਹੀ ਹੋਣਾ।

**-ਸੇਵਕ ਹਰਪਾਲ ਸਿੰਘ**

# ਮੈਂ ਸਿੱਖ ਹਾਂ ਗੁਰੂ ਜਗਜੀਤ ਦਾ,

ਮੈਂ ਸਿੱਖ ਹਾਂ ਗੁਰੂ ਜਗਜੀਤ ਦਾ,
ਉਸ ਬਾਲ-ਸਖਾ ਮਨ ਮੀਤ ਦਾ।
ਉਹਦੀ ਰਾਗ-ਰੀਤ ਖੁਰਾਕ ਸਦਾ,
ਪਹਿਨੇ ਉਹ ਸਚ ਪੁਸ਼ਾਕ ਸਦਾ,
ਉਸ ਪਾਵਨ ਪਰਮ ਪੁਨੀਤ ਦਾ
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ.......

ਜਿਹਦਾ ਸਿਮਰਨ ਨਾਮ ਆਧਾਰ ਹੈ,
ਬਾਣੀ ਨਾਲ ਸੱਚਾ ਪਿਆਰ ਹੈ,
ਉਸ ਦਸਮ ਗੁਰੂ ਦੀ ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ......./

ਉਹ ਗਰੀਬਾਂ ਦਾ ਸੱਚਾ ਯਾਰ ਹੈ,
ਬਿਰਧਾਂ ਦਾ ਪਾਲਣ ਹਾਰ ਹੈ,
ਉਸ ਬਾਲ ਨਿਵਾਜ ਸੁਖ-ਮੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ........

ਉਹ ਦੁਖੀ ਦਲਿੱਦ੍ਰੀ ਸੋਗੀ ਲਈ,
ਉਹ ਵੈਦ ਗੁਰੂ ਹੈ, ਰੋਗੀ ਲਈ,
ਉਸ ਸੁਖ ਸਾਗਰ, ਸੁਖ ਮੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ........

ਉਹ ਸਾਗਰ ਜੇਡਾ ਮਹਾਨ ਹੈ,
ਉਹ ਸਭ ਤੋਂ ਵੱਧ ਨਿਰਮਾਣ ਹੈ,
ਉਸ ਬੇਅੰਤ, ਅਨੰਤ ਅਜੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ......

ਸਾਨੂੰ ਸੁਰਗ ਨਰਕ ਦਾ ਫਿਕਰ ਨਹੀਂ,
ਕਿਤੇ ਪੁੰਨ-ਪਾਪ ਦਾ ਜਿਕਰ ਨਹੀਂ,
ਸਾਡਾ ਧਰਮ-ਕਰਮ ਗੁਰ ਪ੍ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ........

ਅਕਥ ਕਥਾ ਉਹਦੀ ਬਾਤ ਹੈ,
ਜਨਮਾਂ ਦਾ ਉਸ ਸੰਗ ਸਾਥ ਹੈ,
ਉਸ ਭਗਤ ਵਛਲ ਗੁਰ ਰੀਤ ਦਾ।
ਮੈਂ ਸਿੱਖ ਹਾਂ...............

ਦਾਦੀ ਨੇ ਇਹੋ ਸਿਖਾਇਆ ਏ,
ਨਾਨੀ ਨੇ ਵੀ ਸਮਝਾਇਆ ਏ,
ਰਹੀਂ ਪੱਕਾ ਗੁਰੂ ਦੀ ਰੀਤ ਦਾ।
ਮੈਂ ਸਿੱਖ ਹਾਂ ਗੁਰੂ ਜਗਜੀਤ ਦਾ
ਉਸ ਬਾਲ ਸਖਾ ਮਨਮੀਤ ਦਾ।

# ਖ਼ਬਰਨਾਮਾ

## ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ
## ਲੁਧਿਆਣਾ- 28 ਅਕਤੂਬਰ 2018-

ਮਾਤਾ ਸੁਖਦੇਵ ਕੌਰ ਜੀ ਸੁਪਤਨੀ ਸੰਤ ਗੁਰਦੇਵ ਸਿੰਘ ਜੀ ਮੋਤੀ ਨਗਰ ਲੁਧਿਆਣੇ ਵਾਲਿਆਂ ਦਾ ਦਿਹਾਂਤ 18 ਅਕਤੂਬਰ 2018 ਨੂੰ ਹੋਇਆ। ਉਹ 78 ਕੁ ਵਰ੍ਹਿਆਂ ਦੇ ਸਨ। ਮਾਤਾ ਸੁਖਦੇਵ ਕੌਰ ਜੀ ਸਰੀਰ ਕਰਕੇ ਕੁਝ ਢਿੱਲੇ ਚੱਲ ਰਹੇ ਸਨ। ਅਖਿਰ 18 ਅਕਤੂਬਰ 2018 ਨੂੰ ਮਾਤਾ ਜੀ ਸਵਾਸਾਂ ਦੀ ਪੂੰਜੀ ਪੂਰੀ ਕਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਮਾਤਾ ਜੀ ਦਾ ਭੋਗ 28 ਅਕਤੂਬਰ 2018 ਐਤਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਦੇ ਹਜੂਰੀ ਰਾਗੀ ਬਲਵੰਤ ਸਿੰਘ ਜੀ ਦੇ ਜਥੇ ਨੇ ਰਸ ਮਈ ਕੀਰਤਨ ਕੀਤਾ। ਸੂਬਾ ਹਰਭਜਨ ਸਿੰਘ ਜੀ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ।

--------------------------

## ਸੰਤ ਰਵਿੰਦਰ ਸਿੰਘ ਚਿਚਰਾੜੀ ਵਾਲਿਆਂ ਦੀ ਯਾਦ ਵਿਚ ਮੇਲਾ ਲੁਧਿਆਣਾ
## 28 ਅਕਤੂਬਰ 2018 -

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਥਾਹ ਖੁਸ਼ਿਆਂ ਦੇ ਪਾਤਰ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੇ ਅਥਾਹ ਸ਼ਰਧਾ ਰੱਖਣ ਵਾਲੇ, ਨਿਰਮਾਣਤਾ ਦੇ ਪ੍ਰਤੀਕ, ਇਮਾਨਦਾਰ, ਨਿਸ਼ਕਾਮ ਸੇਵਾਦਾਰ, ਮਿਲਣਸਾਰ, ਖੁਸ਼ਦਿਲ ਸੁਭਾਅ ਦੇ ਮਾਲਿਕ ਅਤੇ ਅੰਮ੍ਰਿਤ ਵੇਲੇ ਉਠ ਕੇ ਨਿਤਨੇਮੀ ਪੱਕੇ,ਉੱਚ ਬਿਰਤੀ ਵਾਲੇ ਸੰਤਾਂ ਵਾਂਗ ਆਪਣਾ ਜੀਵਨ ਗੁਰੂ ਹੁਕਮਾਂ ਅਨੁਸਾਰ ਢਾਲਣ ਵਾਲੇ ਗੁਰਸਿਖ ਸੰਤ ਰਵਿੰਦਰ ਸਿੰਘ ਜੀ "ਚਾਨਾ" ਸਪੁੱਤਰ ਸਵ: ਸੰਤ ਸੇਵਾ ਸਿੰਘ ਜੀ ਚਾਨਾ ( ਚਿਚਰਾੜੀ ਵਾਲੇ) ਸ੍ਰੀ ਸਤਿਗੁਰੂ ਜੀ ਦੀ ਬਖਸ਼ੀ ਆਯੂ ਭੋਗ ਕੇ- ਅੰਤਿਮ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਯਾਦ ਕਰਦਿਆਂ 18 ਅਕਤੂਬਰ 2018 ਦਿਨ ਵੀਰਵਾਰ ਨੂੰ 78 ਸਾਲ ਦੀ ਆਯੂ ਭੋਗ ਕੇ ਆਸਾਰ ਮਾਤਲੋਕ ਤੋਂ ਚਲਾਣਾ ਕਰਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ ਹਨ। ਸੰਤਾਂ ਦੇ ਨਮਿਤ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 28 ਅਕਤੂਬਰ 2018 ਨੂੰ ਭੋਗ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਦੇ ਹਜੂਰੀ ਰਾਗੀ ਬਲਵੰਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਸੂਬਾ ਹਰਭਜਨ ਸਿੰਘ ਜੀ ਨੇ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

--------------------------

## ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥
## ਲੁਧਿਆਣਾ 27 ਅਕਤੂਬਰ 2018

'ਜੋ ਦੀਸੈ ਸੋ ਸਗਲ ਬਿਨਾਸੈ' ਵਾਲੀ ਅਕਾਲ ਪੁਰਖ ਵਲੋਂ ਬਣਾਈ ਪਰੰਪਰਾ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਦੇ ਭੌਰੇ - ਸੰਤ ਇੰਦਰਜੀਤ ਸਿੰਘ ਜੀ ਸਪੁੱਤਰ ਸੰਤ ਗੁਰਬਖਸ਼ ਸਿੰਘ ਜੀ ਜੋ ਕਿ ਇਕ ਸੜਕ ਹਾਦਸੇ ਦੌਰਾਨ 22 ਅਕਤੂਬਰ 2018 ਦਿਨ ਸੋਮਵਾਰ ਨੂੰ ਇਸ ਆਸਾਰ ਮਾਤਲੋਕ ਨੂੰ ਤਿਆਗ ਕੇ 63 ਕੁ ਸਾਲ ਦੀ ਉਮਰ ਭੋਗ ਸ੍ਰੀ ਸਤਿਗੁਰੂ ਜੀ ਦੇ ਚਰਨਾ ਵਿਚ ਜਾ ਬਿਰਾਜੇ ਹਨ। ਸੰਤ ਜੀ ਇਕ ਬਹੁਤ ਹੀ ਇਮਾਨਦਾਰ, ਨੇਕ ਦਿਲ, ਮਿਲਾਪੜੇ ਸੁਭਾਅ ਦੇ ਖੁਸ਼ਦਿਲ ਇਨਸਾਨ ਸਨ। ਅੰਮ੍ਰਿਤ ਵੇਲੇ ਦਾ ਜਾਗਣਾ, ਨਾਮ ਸਿਮਰਨ ਕਰਕੇ ਫਿਰ ਹੀ ਕਾਰ-ਵਿਹਾਰ ਵਿਚ ਲੱਗਣਾ। ਇਹ ਉਨ੍ਹਾਂ ਦਾ ਨਿਤ ਕਰਮ ਸੀ। ਘਰ ਵਿਚ ਅੱਤ ਦੀ ਗਰੀਬੀ ਹੋਣ ਕਾਰਣ ਵੀ ਸੰਤਾਂ ਨੇ ਕਿਸੇ ਵੀ ਰਿਸ਼ਤੇਦਾਰ ਜਾਂ ਦੋਸਤਾਂ ਅੱਗੇ ਆਪਣੀ ਮਦਦ ਕਰਨ ਲਈ ਉਹਨਾਂ ਨੇ ਹੱਥ ਨਹੀਂ ਅੱਡਿਆ। ਅਪਣੇ ਪਿਆਰੇ ਸਤਿਗੁਰੂ ਜੀ ਤੇ ਭਰੋਸਾ ਰੱਖਿਆ। ਪੰਜ ਬੇਟੀਆਂ ਦੇ ਅਨੰਦ ਕਾਰਜ ਸ੍ਰੀ ਸਤਿਗੁਰੂ ਜੀ ਦੀ ਮਰਿਆਦਾ ਵਿਚ ਰਹਿ ਕੇ ਗੁਰਸਿੱਖਾਂ ਦੇ ਘਰਾਂ ਵਿਚ ਕੀਤੇ ਅਤੇ ਇਕ ਸਪੁੱਤਰ ਜੋ ਆਟੋ ਮਕੈਨਿਕ ਦਾ ਕੰਮ ਕਰਦਾ ਹੈ ਜਿਸਨੇ ਰਾਤ ਦਿਨ ਮਿਹਨਤ ਕਰਕੇ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਘਰ ਵਿਚੋਂ ਗਰੀਬੀ ਨੂੰ ਤਲਾਂਜਲੀ ਦੇ ਕੇ ਸੁਖੀ ਰੁਝਾਨ ਵਿਚਰ ਕੀਤਾ ਹੈ। ਸੰਤ ਜੀ ਨੇ ਨਾਮ ਸਿਮਰਨ ਕਰਦਿਆਂ ਸਤਿਗੁਰੂ ਜੀ ਦੇ ਚਰਨਾਂ 'ਚ ਬਿਰਤੀ ਜੋੜ - ਤਿੰਨ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ। ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਵੀ ਅਥਾਹ ਸਨੇਹ ਪਾਉਂਦੇ ਹੋਏ ਆਪਣੇ ਪਰਿਵਾਰ ਨੂੰ ਗੁਰੂ ਚਰਨਾਂ ਨਾਲ ਜੋੜੀ ਰੱਖਿਆ।

ਬੱਸ ਸਮਾਂ ਕਿੱਥੇ ਰੁਕਦਾ ਹੈ ਉਹ ਕੁਲੈਹਣੀ ਘੜੀ ਆ ਹੀ ਗਈ ਜਦ 22 ਅਕਤੂਬਰ 2018 ਨੂੰ ਸੰਤ ਸਵੇਰੇ ਘਰੋਂ ਕੰਮ ਤੇ ਜਾਣ ਵਾਸਤੇ ਨਿਕਲੇ ਤਾਂ ਸੜਕ ਦੁਰਘਟਨਾ ਹੋ ਗਈ ਅਤੇ ਸੰਤ ਜੀ ਇਸ ਫਾਨੀ ਮਾਤਲੋਕ ਤੋਂ ਵਿਦਾ ਹੋ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ। ਉਹਨਾਂ ਦੀ ਯਾਦ ਵਿਚ ਸਾਧਾਰਨ ਪਾਠ ਦਾ ਭੋਗ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 27 ਅਕਤੂਬਰ ਨੂੰ ਪਾਇਆ ਗਿਆ। ਸੂਬਾ ਸੰਦੀਪ ਸਿੰਘ ਜੀ ਨੇ ਵੈਰਾਗ ਮਈ ਕੀਰਤਨ ਕੀਤਾ। ਬਾਅਦ ਵਿਚ ਸ੍ਰ: ਹਰਚੰਦ ਸਿੰਘ ਮੋਹਲਵਰੀਆ ਸਾਬਕਾ ਮੇਅਰ ਲੁਧਿਆਣਾ, ਸੰਤ ਅਜੀਤ ਸਿੰਘ ਨਾਮਧਾਰੀ, ਬਲਬੀਰ ਸਿੰਘ ਜੀ ਅਤੇ ਸੂਬਾ ਹਰਭਜਨ ਸਿੰਘ ਜੀ ਨੇ ਸੰਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪਰਿਵਾਰ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਸਵਿੰਦਰ ਸਿੰਘ ਨਾਮਧਾਰੀ**



ਸ੍ਰੀ ਸਤਿਗੁਰੂ ਜੀ ਨਾਲ ਉਸਤਾਦ ਵਲਾਇਤ ਹੁਸੈਨ ਖਾਂ
ਅਤੇ ਉਸਤਾਦ ਜ਼ਾਕਰ ਹੁਸੈਨ।



ਨਾਮਧਾਰੀ ਫਾਰਮ ਬੰਗਲੌਰ ਵਿਖੇ ਸ੍ਰੀ ਸਤਿਗੁਰੂ ਜਗਜੀਤ
ਸਿੰਘ ਜੀ ਸੇਵਕਾਂ ਸਹਿਤ ਭਾਂਡੇ ਮਾਂਜਣ ਦੀ ਸੇਵਾ ਕਰਦੇ ਹੋਏ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸ੍ਰੀ ਵਿਨੋਬਾ ਭਾਵੇ ਜੀ ਦੇ ਆਸ਼ਰਮ ਵਿੱਚ।



ਸ੍ਰੀ ਸਤਿਗੁਰੂ ਜੀ ਲੰਗਰ ਵਿੱਚ ਦਾਲ ਚੁਗਦਿਆਂ



ਸ੍ਰੀ ਸਤਿਗੁਰੂ ਜੀ ਧਰਮ ਸੰਮੇਲਨ ਵਿੱਚ




ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਾਹਿਤਕ ਇਕੱਤਰਤਾ
ਸਮੇਂ ਪ੍ਰਮੁੱਖ ਪੰਜਾਬੀ ਲੇਖਕ।

Date of Publication:28-11-2018,
Date of Posting: 29-30 Nov.2018

RNI NO. 55658/93 Delhi Postal Regd. No. DL(W) 01/2055/18-20



ਮੋਰਾਂ ਨੂੰ ਉਸ ਚੋਗ ਚੁਗਾਉਣਾ,



ਗਊਆਂ ਵਿੱਚ ਉਹ ਕ੍ਰਿਸ਼ਨ ਮੁਰਾਰੀ,



ਬਾਲਾਂ ਸੰਗ ਉਸ ਬਾਲ ਹੀ ਹੋਣਾ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.